Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 15 | 14/05/2025 | www.samajweekly.com | samajweekly | @samajweekly | samajweekly

# ਮਜੀਠਾ ’ਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕਈ ਲੋਕਾਂ ਦੀ ਮੌਤ, ਪੁਲਿਸ ਨੇ ਮਾਸਟਰਮਾਈਂਡ ਨੂੰ ਕੀਤਾ ਕਾਬੂ

## ਮੁੱਖ ਮੰਤਰੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਲਈ 10-10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ

**ਮਜੀਠਾ।** ਮਜੀਠਾ ਵਿਧਾਨ ਸਭਾ ਹਲਕੇ ਦੇ ਭੰਗਾਲੀ, ਥਰੀਏਵਾਲ ਅਤੇ ਮਰਾੜੀ ਕਲਾਂ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 17 ਲੋਕਾਂ ਦੀ ਮੌਤ ਹੋ ਗਈ ਜਦ ਕਿ 6 ਹਸਪਤਾਲ ਵਿਚ ਦਾਖਲ ਹਨ। ਘਟਨਾ ਤੋਂ ਬਾਅਦ ਪੁਲਿਸ ਅਤੇ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ ਹੈ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ‘ਚ ਵੱਡੀ ਕਾਰਵਾਈ ਕੀਤੀ ਗਈ ਹੈ। ਮੁੱਖ ਸਪਲਾਇਰ ਪ੍ਰਭਜੀਤ ਸਿੰਘ ਸਮੇਤ 5 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅੰਮ੍ਰਿਤਸਰ ਦੇ ਦਿਹਾਤੀ ਖੇਤਰ ਦੇ ਐਸਐਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਆਬਕਾਰੀ ਐਕਟ ਦੀ ਧਾਰਾ 105 ਬੀਐਨਐਸ ਅਤੇ 61ਏ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਹੋਰ ਮੁਲਜ਼ਮਾਂ ਵਿੱਚ ਪ੍ਰਭਜੀਤ ਦਾ ਭਰਾ ਕੁਲਬੀਰ ਸਿੰਘ ਉਰਫ ਜੱਗੂ, ਸਾਹਿਬ ਸਿੰਘ ਉਰਫ ਸਰਾਏ, ਗੁਰਜੰਟ ਸਿੰਘ ਅਤੇ ਨਿੰਦਰ ਕੌਰ ਸ਼ਾਮਲ ਹਨ। ਪੂਰੇ ਨੈੱਟਵਰਕ ਦੀ ਜਾਂਚ ਜਾਰੀ ਹੈ।

ਦੱਸ ਦਈਏ ਕਿ ਮਾਮਲੇ ਦੀ ਸੂਚਨਾ ਮਿਲਣ ਤੋਂ ਬਾਅਦ, ਡੀਸੀ ਸਾਕਸ਼ੀ ਸਾਹਨੀ ਵੀ ਸਵੇਰੇ ਪੀੜਿਤ ਪਰਿਵਾਰਾਂ ਕੋਲ ਪਹੁੰਚੀ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ।

ਮੁਢਲੀ ਜਾਣਕਾਰੀ ਅਨੁਸਾਰ ਮ੍ਰਿਤਕਾਂ ਅਤੇ ਗੰਭੀਰ ਰੂਪ ਵਿੱਚ ਬਿਮਾਰ ਸਾਰੇ ਲੋਕ ਦਿਹਾੜੀਦਾਰ ਮਜ਼ਦੂਰ ਹਨ। ਪੁਲਿਸ ਅਨੁਸਾਰ 4 ਲੋਕਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਿਨ੍ਹਾਂ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਲਿਆਂਦਾ ਗਿਆ ਹੈ। ਜਾਂਚ



ਤੋਂ ਬਾਅਦ, ਡਾਕਟਰਾਂ ਨੇ ਉਨ੍ਹਾਂ ਨੂੰ ਆਈਸੀਯੂ ਵਿੱਚ ਦਾਖਲ ਕਰਵਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਅੱਜ ਮਜੀਠਾ ਹਲਕੇ ਦੇ ਪਿੰਡ ਮਰੜੀ ਪੁੱਜੇ ਹਨ ਜਿੱਥੇ ਉਨ੍ਹਾਂ ਨੇ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਦੇ ਮੂੰਹ ਪਏ ਲੋਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਪੀੜਤ ਪਰਿਵਾਰਾਂ ਨੂੰ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਵਿੱਚ ਹੋਈਆਂ ਮੌਤਾਂ, ਸਧਾਰਨ ਮੌਤ ਨਹੀਂ ਸਗੋਂ ਕਤਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਰ ਮ੍ਰਿਤਕ ਵਿਅਕਤੀ ਦੇ ਪਰਿਵਾਰ ਨੂੰ 10 ਲੱਖ ਰੁਪਏ ਦੀ ਮਾਇਕ ਮਦਦ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸਰਕਾਰ ਵੱਲੋਂ ਕੀਤਾ ਜਾਵੇਗਾ।

## ਨਾਕਾਬੰਦੀ ਦੌਰਾਨ ਗੈਂਗਸਟਰ ਨੇ ਪੁਲਿਸ ’ਤੇ ਚਲਾਈਆਂ ਗੋਲੀਆਂ, ਜਵਾਬੀ ਕਾਰਵਾਈ ’ਚ ਜ਼ਖ਼ਮੀ

**ਬਰਨਾਲਾ।** ਬਰਨਾਲਾ ਦੇ ਪੁਲਿਸ ਸਟੇਸ਼ਨ ਟੱਲੇਵਾਲ ਦੇ ਅਧੀਨ ਪੈਂਦੇ ਖੇਤਰ ਵਿੱਚ ਪੁਲਿਸ ਅਤੇ ਇੱਕ ਮੋਟਰਸਾਈਕਲ ਸਵਾਰ ਗੈਂਗਸਟਰ ਦੇ ਵਿਚਾਲੇ ਮੁਕਾ-ਬਲਾ ਹੋਇਆ। ਇਸ ਮੌਕੇ ਗੱਲਬਾਤ ਕਰਦਿਆਂ ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫ਼ਰਾਜ਼ ਆਲਮ ਨੇ ਦੱਸਿਆ ਕਿ ਅੱਜ ਸਵੇਰ ਮੌਕੇ ਬਰਨਾਲਾ ਪੁਲਿਸ ਵੱਲੋਂ ਇੱਕ ਵੱਡੀ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਹੈ। ਥਾਣਾ ਟੱਲੇਵਾਲ ਦੇ ਐਸਐਚਓ ਜਗਜੀਤ ਸਿੰਘ ਦੀ ਅਗਵਾਈ ਵਿੱਚ ਪੁਲਿਸ ਪਾਰਟੀ ਵੱਲੋਂ ਬਰਨਾਲਾ ਮੋਗਾ ਹਾਈਵੇ ਤੋਂ ਪਿੰਡ ਵਿਧਾਤਾ ਲਿੰਕ ਸੜਕ ਉੱਪਰ ਨਾਕਾਬੰਦੀ ਕੀਤੀ ਹੋਈ ਸੀ, ਜਿੱਥੇ ਇੱਕ ਬਿਨਾਂ ਨੰਬਰ ਪਲੇਟ ਤੋਂ ਮੋਟਰਸਾਈਕਲ 'ਤੇ ਸਵਾਰ



ਇੱਕ ਵਿਅਕਤੀ ਆ ਰਿਹਾ ਸੀ। ਜਿਸ ਨੂੰ ਪੁਲਿਸ ਵੱਲੋਂ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਮੋਟਰਸਾਈਕਲ ਸਵਾਰ ਨੇ ਪੁਲਿਸ ਉੱਪਰ ਫਾਇਰਿੰਗ ਕਰ ਦਿੱਤੀ। ਜਿਸ ਦੇ ਜਵਾਬ ਵਿੱਚ ਪੁਲਿਸ ਵੱਲੋਂ ਵੀ ਫਾਇਰਿੰਗ ਕੀਤੀ ਗਈ। ਜਿਸ ਤੋਂ ਬਾਅਦ ਪੁਲਿਸ ਵੱਲੋਂ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਐਸਐਸਪੀ ਬਰਨਾਲਾ ਨੇ ਦੱਸਿਆ ਕਿ ਪਕੜੇ ਗਏ ਵਿਅਕਤੀ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਜੈੱਡੋ ਵਾਸੀ ਮਹਿਲ ਖੁਰਦ ਵਜੋਂ ਹੋਈ ਹੈ।

## ਤਾਂਤਰਿਕ ਦੇ ਕਹਿਣ ’ਤੇ ਔਰਤ ਨੇ ਨਹਿਰ ’ਚ ਸੁੱਟਿਆ ਅਪਣਾ 2 ਸਾਲ ਦਾ ਮਾਸੂਮ

**ਦਿੱਲੀ।** ਦਿੱਲੀ ਦੇ ਨਾਲ ਲੱਗਦੇ ਫਰੀਦਾਬਾਦ ਦੇ ਸੈਨਿਕ ਕਲੋਨੀ ਦੀ ਰਹਿਣ ਵਾਲੀ ਇੱਕ ਔਰਤ ਨੇ ਐਤਵਾਰ ਰਾਤ ਨੂੰ ਇੱਕ ਤਾਂਤਰਿਕ ਦੀ ਸਲਾਹ ’ਤੇ ਆਪਣੇ ਦੋ ਸਾਲ ਦੇ ਪੁੱਤਰ ਨੂੰ ਆਗਰਾ ਨਹਿਰ ਵਿੱਚ ਸੁੱਟ ਦਿੱਤਾ। ਉਹ ਸੋਚਦੀ ਸੀ ਕਿ ਉਸਦਾ ਪੁੱਤਰ ਇੱਕ ਚਿੱਟੇ ਜਿੰਨ ਦੀ ਔਲਾਦ ਹੈ। ਔਰਤ ਨੂੰ ਸਥਾਨਕ ਲੋਕਾਂ ਨੇ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਬੁਝਾਊ ਵਿਭਾਗ, ਰਾਜ ਆਫ਼ਤ ਪ੍ਰਬੰਧਨ, ਪੁਲਿਸ ਅਤੇ ਸਥਾਨਕ ਗੋਤਾਖੋਰਾਂ ਦੀ ਇੱਕ ਟੀਮ ਆਗਰਾ ਨਹਿਰ ਵਿੱਚ ਬੱਚੇ ਦੀ ਭਾਲ ਕਰ ਰਹੀ ਹੈ। ਨਾਲ ਹੀ, ਦੋਸ਼ੀ ਔਰਤ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਔਰਤ ਦੇ ਪਤੀ ਕਪਿਲ ਲੂਕਰਾ ਨੇ ਆਪਣੀ ਸ਼ਿਕਾਇਤ ਵਿੱਚ ਪੁਲਿਸ ਨੂੰ ਦੱਸਿਆ ਹੈ ਕਿ ਉਸਦਾ ਵਿਆਹ ਲਗਭਗ 16 ਸਾਲ ਪਹਿਲਾਂ ਮੇਘਾ ਲੂਕਰਾ ਨਾਲ ਹੋਇਆ ਸੀ। ਉਹ ਆਪਣੇ ਪਰਿਵਾਰ ਨਾਲ ਸੈਨਿਕ



ਕਲੋਨੀ ਦੇ ਇੱਕ ਫਲੈਟ ਵਿੱਚ ਰਹਿੰਦਾ ਹੈ। ਉਸਦਾ ਇੱਥੇ ਅੰਦਰੂਨੀ ਕਾਰੋਬਾਰ ਹੈ। ਉਸਨੇ ਦੱਸਿਆ ਕਿ ਉਸਦੇ ਦੋ ਬੱਚੇ ਹਨ। ਵੱਡੀ ਧੀ ਮਾਨਿਆ ਲਗਭਗ 14 ਸਾਲ ਦੀ ਹੈ। ਜਦੋਂ ਕਿ ਤਨਮਯ ਉਰਫ਼ ਰੌਨਿਕ ਲਗਭਗ ਦੋ ਸਾਲ ਦਾ ਹੈ। ਪੀੜਤ ਦੇ ਅਨੁਸਾਰ, ਉਸਦੀ ਪਤਨੀ ਮੇਘਾ ਲੂਕਰਾ ਲੰਬੇ ਸਮੇਂ ਤੋਂ ਮੀਤਾ ਭਾਟੀਆ ਨਾਮਕ ਤਾਂਤਰਿਕ ਦੇ ਸੰਪਰਕ ਵਿੱਚ ਸੀ। ਤਾਂਤਰਿਕ ਮੀਤਾ ਭਾਟੀਆ ਤਨਮਯ ਉਰਫ਼ ਰੌਨਿਕ ਨੂੰ ਇਹ ਕਹਿ ਕੇ ਮਧੂ ਲੂਕਰਾ ਨੂੰ ਭੜਕਾਉਂਦੀ ਸੀ ਕਿ ਉਹ ਇੱਕ ਚਿੱਟੇ ਜਿੰਨ ਦਾ ਪੁੱਤਰ ਹੈ। ਉਹ ਇਹ ਵੀ ਕਹਿੰਦੀ ਸੀ ਕਿ ਚਿੱਟੇ ਜਿੰਨ ਦਾ ਬੱਚਾ ਉਸਦੇ ਪੂਰੇ ਪਰਿਵਾਰ ਨੂੰ ਤਬਾਹ ਕਰ ਦੇਵੇਗਾ। ਇਸ ਕਾਰਨ ਮੇਘਾ ਲੂਕਰਾ ਮਾਨਸਿਕ ਤੌਰ ’ਤੇ ਬਿਮਾਰ ਹੋਣ ਲੱਗੀ।ਮੇਘਾ ਦੇ ਪਤੀ ਨੇ ਦਸਿਆ ਕਿ ਸ਼ਾਮ 5 ਵਜੇ ਦੇ ਕਰੀਬ ਐਤਵਾਰ ਸ਼ਾਮ ਨੂੰ, ਮੇਘਾ ਆਪਣੇ ਪੁੱਤਰ ਤਨਮਯ ਨੂੰ ਗੋਦ ਵਿੱਚ ਲੈ ਕੇ ਬਿਨਾਂ ਕਿਸੇ ਨੂੰ ਦੱਸੇ ਘਰੋਂ ਨਿਕਲ ਗਈ। ਜਿਵੇਂ ਹੀ ਉਸਨੂੰ ਇਹ ਜਾਣਕਾਰੀ ਮਿਲੀ, ਉਸਨੇ ਮੇਘਾ ਦੀ ਭਾਲ ਸ਼ੁਰੂ ਕਰ ਦਿੱਤੀ। ਰਾਤ ਦੇ ਕਰੀਬ ਨੌਂ ਵਜੇ, ਪੁਲਿਸ ਨੇ ਸੂਚਨਾ ਦਿੱਤੀ ਕਿ ਮੇਘਾ ਨਾਮ ਦੀ ਇੱਕ ਔਰਤ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਦੋਸ਼ ਹੈ ਕਿ ਉਸਨੇ ਆਪਣੇ ਪੁੱਤਰ ਨੂੰ ਆਗਰਾ ਨਹਿਰ ਵਿੱਚ ਸੁੱਟ ਦਿੱਤਾ ਹੈ। ਇਹ ਸੁਣ ਕੇ, ਉਹ ਪਰੇਸ਼ਾਨ ਹਾਲਤ ਵਿੱਚ ਬੀਪੀਟੀਪੀ ਪੁਲਿਸ ਸਟੇਸ਼ਨ ਪਹੁੰਚਿਆ। ਉਹ ਮੇਘਾ ਨੂੰ ਦੇਖ ਕੇ ਦੰਗ ਰਹਿ ਗਿਆ। ਸਥਾਨਕ ਲੋਕਾਂ ਨੇ ਦੱਸਿਆ ਕਿ ਜਿਵੇਂ ਹੀ ਬੀਪੀਟੀਪੀ ਪੁਲ ’ਤੇ ਖੜ੍ਹੀ ਇੱਕ ਔਰਤ ਨੇ ਬੱਚੇ ਨੂੰ ਸੁੱਟਣ ਲਈ ਆਪਣਾ ਹੱਥ ਵਧਾਇਆ, ਇਹ ਦੇਖ ਕੇ ਕੁਝ ਲੋਕਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਔਰਤ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਪਰ ਉਦੋਂ ਤੱਕ ਉਹ ਬੱਚੇ ਨੂੰ ਨਹਿਰ ਵਿੱਚ ਸੁੱਟ ਚੁੱਕੀ ਸੀ। ਲੋਕਾਂ ਨੇ ਉਸਨੂੰ ਫੜ ਲਿਆ ਅਤੇ ਡਾਇਲ-112 ’ਤੇ ਪੁਲਿਸ ਨੂੰ ਬੁਲਾਇਆ। ਸੂਚਨਾ ਮਿਲਦੇ ਹੀ ਪੁਲਿਸ ਮੌਕੇ ’ਤੇ ਪਹੁੰਚ ਗਈ ਅਤੇ ਔਰਤ ਨੂੰ ਹਿਰਾਸਤ ਵਿੱਚ ਲੈ ਲਿਆ। ਫੜੇ ਜਾਣ ਦੌਰਾਨ, ਔਰਤ ਬੱਚੇ ਨੂੰ ਨਹਿਰ ਵਿੱਚ ਸੁੱਟਣ ਤੋਂ ਇਨਕਾਰ ਕਰਦੀ ਰਹੀ। ਪੁਲਿਸ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ। ਬੀਪੀਟੀਪੀ ਪੁਲਿਸ ਸਟੇਸ਼ਨ ਦੇ ਐਸਐਚਓ ਨੇ ਕਿਹਾ ਕਿ ਕਪਿਲ ਲੂਕਰਾ ਦੀ ਸ਼ਿਕਾਇਤ ਦੇ ਆਧਾਰ ’ਤੇ, ਉਸਦੀ ਪਤਨੀ ਮੇਘਾ ਲੂਕਰਾ ਅਤੇ ਭੜਕਾਉਣ ਵਾਲੇ ਤਾਂਤਰਿਕ ਵਿਰੁੱਧ ਕਤਲ ਅਤੇ ਹੋਰ ਕਈ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਬੱਚੇ ਦੀ ਮਾਂ, ਮੇਘਾ ਲੂਕਰਾ, ਜਿਸਨੂੰ ਪੁਲਿਸ ਹਿਰਾਸਤ ਵਿੱਚ ਲੈ ਲਿਆ ਗਿਆ ਹੈ, ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਟੀਮ ਤਾਂਤਰਿਕ ਦੀ ਭਾਲ ਵਿੱਚ ਵੱਖ-ਵੱਖ ਥਾਵਾਂ ’ਤੇ ਛਾਪੇਮਾਰੀ ਕਰ ਰਹੀ ਹੈ।

# ਜੰਮੂ-ਕਸ਼ਮੀਰ ਦੇ ਸ਼ੋਪੀਆਂ 'ਚ ਫ਼ੌਜ ਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ, 3 ਅੱਤਵਾਦੀ ਢੇਰ

**ਜੰਮੂ।** ਜਾਣਕਾਰੀ ਅਨੁਸਾਰ ਮੰਗਲਵਾਰ ਨੂੰ ਸ਼ੋਪੀਆਂ ਦੇ ਜ਼ਿਨਪਥਰ ਕੈਲਰ ਇਲਾਕੇ ਵਿਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਤੋਂ ਬਾਅਦ ਲਸ਼ਕਰ-ਏ-ਤੋਇਬਾ ਦੇ ਤਿੰਨ ਅੱਤਵਾਦੀ ਮਾਰੇ ਗਏ। ਲਸ਼ਕਰ ਦੇ ਦੋ ਹੋਰ ਅੱਤਵਾਦੀਆਂ ਦੇ ਫਸੇ ਹੋਣ ਦਾ ਸ਼ੱਕ ਹੈ। ਫਸੇ ਅੱਤਵਾਦੀਆਂ ਅਤੇ ਸੁਰੱਖਿਆ ਏਜੰਸੀਆਂ ਵਿਚਕਾਰ ਇਸ ਸਮੇਂ ਗੋਲੀਬਾਰੀ ਜਾਰੀ ਹੈ। ਇਹ ਘਟਨਾਕ੍ਰਮ ਸੁਰੱਖਿਆ ਏਜੰਸੀਆਂ ਵਲੋਂ ਤਿੰਨ ਪਾਕਿਸਤਾਨ ਸਮਰਥਿਤ ਅੱਤਵਾਦੀਆਂ - ਆਦਿਲ ਹੁਸੈਨ ਥੋਕਰ, ਅਲੀ ਭਾਈ ਅਤੇ ਹਾਸ਼ਿਮ ਮੂਸਾ - ਦੇ 'ਅੱਤਵਾਦ ਮੁਕਤ ਕਸ਼ਮੀਰ' ਪੋਸਟਰ ਲਗਾਉਣ ਤੋਂ ਕੁਝ ਪਲ ਬਾਅਦ ਆਇਆ ਹੈ, ਜਿਨ੍ਹਾਂ ਨੂੰ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਪਿੱਛੇ ਮੰਨਿਆ ਜਾ ਰਿਹਾ ਹੈ। ਜੰਮੂ-ਕਸ਼ਮੀਰ ਦੇ ਸ਼ੋਪੀਆਂ ਵਿੱਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ ਚੱਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ੋਪੀਅਨ ਦੇ ਜੰਗਲਾਂ ਵਿੱਚ 4 ਅੱਤਵਾਦੀ ਲੁਕੇ ਹੋਏ ਹਨ। ਇਹ ਅੱਤਵਾਦੀ ਸ਼ੋਪੀਆਂ ਦੇ ਜਮਪਾਥਰੀ



ਵਿਚ ਲੁਕੇ ਹੋਏ ਹਨ ਅਤੇ ਉਨ੍ਹਾਂ ਨੂੰ ਲਸ਼ਕਰ-ਏ-ਤੋਇਬਾ ਨਾਲ ਜੋੜਿਆ ਜਾ ਰਿਹਾ ਹੈ। ਸੁਰੱਖਿਆ ਬਲਾਂ ਨੇ ਅੱਤਵਾਦੀਆਂ ਨੂੰ ਘੇਰ ਲਿਆ ਹੈ ਅਤੇ ਮੁਕਾਬਲਾ ਜਾਰੀ ਹੈ। ਤਿੰਨ ਅੱਤਵਾਦੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ। ਹਾਲਾਂਕਿ, ਅਜੇ ਤਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਅੱਤਵਾਦੀ ਜੰਮੂ-ਕਸ਼ਮੀਰ ਵਿਚ ਪਹਿਲਗਾਮ ਅੱਤਵਾਦੀ ਹਮਲੇ ਨੂੰ ਅੰਜਾਮ ਦੇਣ ਵਾਲਿਆਂ ਨਾਲ ਜੁੜੇ ਹੋਏ ਹਨ ਜਾਂ ਨਹੀਂ। ਇਸ ਮੁਕਾਬਲੇ ਵਿਚ ਅੱਤਵਾਦੀ ਸ਼ਾਹਿਦ ਅਹਿਮਦ ਦੇ ਮੌਜੂਦ ਹੋਣ ਦੀ ਵੀ ਖ਼ਬਰ ਹੈ। ਦਸਿਆ ਜਾ ਰਿਹਾ ਹੈ ਕਿ ਇਸ ਵਿਚ ਦੋ ਪਾਕਿਸਤਾਨੀ ਅੱਤਵਾਦੀ ਵੀ ਹਨ। ਜ਼ਿਲ੍ਹੇ ਦੇ ਸ਼ੁਕਰੂ ਕੇਲਰ ਇਲਾਕੇ ਵਿਚ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਇਕ ਖਾਸ ਸੂਚਨਾ ਦੇ ਆਧਾਰ 'ਤੇ, ਸੁਰੱਖਿਆ ਬਲਾਂ ਨੇ ਉਥੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਅਧਿਕਾਰੀਆਂ ਨੇ ਦਸਿਆ ਕਿ ਤਲਾਸ਼ੀ ਮੁਹਿੰਮ ਦੌਰਾਨ ਅੱਤਵਾਦੀਆਂ ਨੇ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਕੀਤੀ, ਜਿਸ ਦਾ ਸੁਰੱਖਿਆ ਬਲਾਂ ਨੇ ਢੁਕਵਾਂ ਜਵਾਬ ਦਿਤਾ।

# ਇੰਡੋਨੇਸ਼ੀਆ ਵਿਚ ਪੁਰਾਣਾ ਗੋਲਾ ਬਾਰੂਦ ਫਟਿਆ, 4 ਸੈਨਿਕਾਂ ਸਮੇਤ 13 ਲੋਕਾਂ ਦੀ ਮੌਤ

**ਜਕਾਰਤਾ।** ਇੰਡੋਨੇਸ਼ੀਆ ਦੇ ਪੱਛਮੀ ਜਾਵਾ ਪ੍ਰਾਂਤ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਪੁਰਾਣੇ ਅਤੇ ਵਰਤੋਂ ਯੋਗ ਨਾ ਹੋਣ ਵਾਲੇ ਗੋਲਾ-ਬਾਰੂਦ ਨੂੰ ਨਸ਼ਟ ਕੀਤਾ ਜਾ ਰਿਹਾ ਸੀ। ਇਸ ਦੌਰਾਨ ਗੋਲਾ-ਬਾਰੂਦ ਫਟ ਗਿਆ, ਜਿਸ ਨਾਲ ਘੱਟੋ-ਘੱਟ 13 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 4 ਸੈਨਿਕ ਵੀ ਸ਼ਾਮਿਲ ਸਨ। ਫੌਜੀ ਅਧਿਕਾਰੀਆਂ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਧਮਾਕੇ ਦਾ ਕਾਰਨ ਸਪੱਸ਼ਟ ਨਹੀਂ ਹੈ। ਇੰਡੋਨੇਸ਼ੀਆਈ ਫੌਜ ਦੇ ਮੈਂਬਰ ਗਰੁਟ ਜ਼ਿਲ੍ਹੇ ਦੇ ਸਾਗਰਾ ਪਿੰਡ ਵਿੱਚ ਪੁਰਾਣੇ, ਵਰਤੋਂ ਯੋਗ ਨਾ ਹੋਣ ਵਾਲੇ ਅਤੇ ਬੇਅਸਰ ਗੋਲਾ-ਬਾਰੂਦ ਨੂੰ ਨਸ਼ਟ ਕਰ ਰਹੇ ਸਨ, ਜੋਕਿ ਇੱਕ ਫੌਜੀ ਗੋਦਾਮ ਕੇਂਦਰ ਵਿੱਚ ਸਟੋਰ ਕੀਤਾ ਗਿਆ ਸੀ। ਗੋਲਾ-ਬਾਰੂਦ ਪੁਰਾਣਾ ਹੋ ਜਾਣ ਜਾਂ ਗਲਤ ਢੰਗ ਨਾਲ ਸਟੋਰ ਕੀਤੇ ਜਾਣ 'ਤੇ ਜ਼ਿਆਦਾ ਸ਼ਕਤੀਸ਼ਾਲੀ ਨਹੀਂ ਰਹਿੰਦਾ। ਇਸੇ ਲਈ ਸਮੇਂ-ਸਮੇਂ 'ਤੇ ਇਨ੍ਹਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇੰਡੋਨੇਸ਼ੀਆਈ ਫੌਜੀ ਬੁਲਾਰੇ ਮੇਜਰ



ਜਨਰਲ ਕ੍ਰਿਸਟੋਮੀ ਸਿਆਨਾਟੂਰੀ ਨੇ ਕਿਹਾ ਕਿ ਇੱਕ ਧਮਾਕੇ ਤੋਂ ਤੁਰੰਤ ਬਾਅਦ ਦੂਜਾ ਧਮਾਕਾ ਹੋਇਆ। ਸਿਆਨਾਟੂਰੀ ਨੇ ਕਿਹਾ ਕਿ 9 ਨਾਗਰਿਕ ਅਤੇ 4 ਫੌਜੀ ਕਰਮਚਾਰੀ ਮਾਰੇ ਗਏ। ਉਨ੍ਹਾਂ ਕਿਹਾ ਕਿ ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਸਿਆਨਾਤੁਰੀ ਨੇ ਕਿਹਾ ਕਿ ਘਟਨਾ ਦੀ ਹਾਲੇ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਕੀ ਗੋਲਾ-ਬਾਰੂਦ ਦੇ ਨਿਪਟਾਰੇ ਦੌਰਾਨ ਮਿਆਰੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਗਈ ਸੀ।

# ਮੁੱਖ ਮੰਤਰੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਲਈ 10-10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ

**ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਮਾਨ ਅੱਜ ਮਜੀਠਾ ਹਲਕੇ ਦੇ ਪਿੰਡ ਮਰੜੀ ਪੁੱਜੇ ਹਨ ਜਿੱਥੇ ਉਨ੍ਹਾਂ ਨੇ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਦੇ ਮੂੰਹ ਪਏ ਲੋਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਪੀੜਤ ਪਰਿਵਾਰਾਂ ਨੂੰ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਵਿੱਚ ਹੋਈਆਂ ਮੌਤਾਂ, ਸਧਾਰਨ ਮੌਤ ਨਹੀਂ ਸਗੋਂ ਕਤਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਰ ਮ੍ਰਿਤਕ ਵਿਅਕਤੀ ਦੇ ਪਰਿਵਾਰ ਨੂੰ 10 ਲੱਖ ਰੁਪਏ ਦੀ ਮਾਇਕ ਮਦਦ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸਰਕਾਰ ਵੱਲੋਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਖੁਲਾਸਾ ਕੀਤਾ ਕਿ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੁਣ ਤੱਕ 17 ਵਿਅਕਤੀਆਂ ਦੀ ਮੌਤ ਹੋ ਗਈ ਹੈ। ਸਰਕਾਰ ਵੱਲੋਂ ਇਸ ਸਬੰਧ ਵਿੱਚ ਸਖਤ ਕਾਰਵਾਈ ਕਰਦਿਆਂ ਪੁਲੀਸ ਵਿਭਾਗ ਤੇ ਐਕਸਾਈਜ਼ ਵਿਭਾਗ ਦੇ ਦੋ ਦੋ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅਗਲੇਰੀ ਜਾਂਚ ਕੀਤੀ ਜਾਰੀ ਹੈ। ਹੁਣ ਤੱਕ ਇਸ ਮਾਮਲੇ ਵਿੱਚ 17 ਮੁਲਜ਼ਮ ਕਾਬੂ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀਆਂ ਤਾਰਾਂ ਦਿੱਲੀ ਤੱਕ ਜੁੜੀਆਂ ਹੋਈਆਂ ਹਨ ਅਤੇ ਪੁਲੀਸ ਟੀਮਾਂ ਨੂੰ ਦਿੱਲੀ ਵੀ ਭੇਜਿਆ ਗਿਆ ਹੈ ਤਾਂ ਜੋ ਇਸ ਨਾਲ ਜੁੜੇ ਹੋਰ



ਵਿਅਕਤੀਆਂ ਨੂੰ ਕਾਬੂ ਕੀਤਾ ਜਾ ਸਕੇ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਆਖਿਆ ਕਿ ਇਸ ਮਾਮਲੇ ਨਾਲ ਜੁੜਿਆ ਕੋਈ ਵੀ ਵਿਅਕਤੀ ਹੋਵੇ, ਚਾਹੇ ਉਹ ਸਰਕਾਰੇ ਦਰਬਾਰੇ ਪ੍ਰਭਾਵ ਰੱਖਣ ਵਾਲਾ ਹੋਵੇ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਦਾ ਸ਼ਿਕਾਰ ਬਣੇ ਇਹ ਸਾਰੇ ਵਿਅਕਤੀ ਗਰੀਬ ਪਰਿਵਾਰਾਂ ਦੇ ਮੈਂਬਰ ਹਨ ਜੋ ਕਿ ਪਰਿਵਾਰਾਂ ਦੇ ਕਮਾਊ ਜੀਅ ਵੀ ਸਨ। ਇਨ੍ਹਾਂ ਦੀ ਮੌਤ ਕਾਰਨ ਪਰਿਵਾਰਾਂ ਨੂੰ ਵੱਡਾ ਦੁੱਖ ਪੁੱਜਾ ਹੈ ਜਿਸ ਨੂੰ ਦੇਖਿਆ ਨਹੀਂ ਜਾ ਸਕਦਾ। ਪੀੜਤ ਪਰਿਵਾਰਾਂ ਲਈ ਸਰਕਾਰੀ ਮਦਦ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸੇ ਵੀ ਪਰਿਵਾਰ ਦਾ ਚੁੱਲ੍ਹਾ ਬੁਝਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ 600 ਲਿਟਰ ਮੈਥੇਨੋਲ ਦਿੱਲੀ ਤੋਂ ਆਰਡਰ ਕਰਕੇ ਮੰਗਵਾਇਆ ਗਿਆ ਸੀ, ਜਿਸ ਨੂੰ ਅੱਗੇ ਕਿਸੇ ਹੋਰ ਚੀਜ਼ ਵਿੱਚ ਮਿਲਾ ਕੇ ਇਸ ਨੂੰ ਥੈਲੀਆਂ ਵਿੱਚ ਭਰ ਕੇ ਵੇਚਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਪਹਿਲਾਂ ਵੀ ਅਜਿਹੀਆਂ ਮੌਤਾਂ ਹੁੰਦੀਆਂ ਸਨ ਪਰ ਇੱਕ ਆਦਿ ਮੌਤ ਦੇ ਕਾਰਨ ਇਸ ਦਾ ਪਤਾ ਨਹੀਂ ਲੱਗਦਾ ਸੀ ਪਰ ਹੁਣ ਜਦੋਂ ਵੱਡੀ ਗਿਣਤੀ ਵਿੱਚ ਮੌਤਾਂ ਹੋਈਆਂ ਹਨ ਤਾਂ ਜ਼ਹਿਰੀਲੀ ਸ਼ਰਾਬ ਦੇ ਕਾਰੋਬਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਜ਼ਹਿਰੀਲੀ ਸ਼ਰਾਬ ਪੀਣ ਨਾਲ ਪਹਿਲਾਂ ਲੋਕਾਂ ਦੀ ਨਿਗ੍ਹਾ ਗਈ ਅਤੇ ਮੂੰਹ ਵਿੱਚੋਂ ਝੱਗ ਆਉਣ ਲਈ ਲੱਗ ਪਈ ਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਤਰਨ ਤਾਰਨ ਖੇਤਰ ਵਿੱਚ ਵੀ ਅਜਿਹੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਵੱਡੀ ਗਿਣਤੀ ਵਿੱਚ ਮੌਤਾਂ ਹੋਣ ਦੀ ਘਟਨਾ ਵਾਪਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਨਸ਼ਿਆਂ ਖਿਲਾਫ ਜੰਗ ਦੀ ਮੁਹਿੰਮ ਚਲਾ ਰਹੀ ਹੈ ਅਤੇ ਹੁਣ ਇਸ ਨੂੰ ਵੀ ਜੜ੍ਹ ਤੋਂ ਖਤਮ ਕਰਨ ਦਾ ਯਤਨ ਕੀਤਾ ਜਾਵੇਗਾ।


Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484



Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਟਰੰਪ ਨੂੰ ਕਤਰ ਵੱਲੋਂ ਤੋਹਫ਼ੇ ਵਜੋਂ ਮਿਲੇਗਾ 3400 ਕਰੋੜ ਦਾ ਜਹਾਜ਼, ਦੁਨੀਆਂ ਦਾ ਸਭ ਤੋਂ ਮਹਿੰਗਾ ਤੋਹਫ਼ਾ



**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਹਫ਼ਤੇ 14 ਮਈ ਨੂੰ ਕਤਰ ਦਾ ਦੌਰਾ ਕਰਨ ਜਾ ਰਹੇ ਹਨ। ਇਸ ਦੌਰਾਨ, ਕਤਰ ਸਰਕਾਰ ਉਨ੍ਹਾਂ ਨੂੰ ਇੱਕ ਲਗਜ਼ਰੀ ਬੋਇੰਗ 747-8 ਜੰਬੋ ਜੈੱਟ ਤੋਹਫ਼ੇ ਵਜੋਂ ਦੇ ਸਕਦੀ ਹੈ। ਇਸ ਜਹਾਜ਼ ਦੀ ਕੀਮਤ 400 ਮਿਲੀਅਨ ਡਾਲਰ (ਲਗਭਗ 3400 ਕਰੋੜ ਰੁਪਏ) ਹੈ।
ਇਸਦਾ ਅਧਿਕਾਰਤ ਤੌਰ 'ਤੇ ਐਲਾਨ ਟਰੰਪ ਦੇ ਕਤਰ ਦੌਰੇ ਦੌਰਾਨ ਕੀਤਾ ਜਾ ਸਕਦਾ ਹੈ। ਇਹ ਤੋਹਫ਼ਾ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨੂੰ ਮਿਲਿਆ ਹੁਣ ਤੱਕ ਦਾ ਸਭ ਤੋਂ ਮਹਿੰਗਾ ਵਿਦੇਸ਼ੀ ਤੋਹਫ਼ਾ ਹੋਵੇਗਾ। ਹਾਲਾਂਕਿ, ਐਲਾਨ ਤੋਂ ਬਾਅਦ ਵੀ, ਟਰੰਪ ਨੂੰ ਇਹ ਤੋਹਫ਼ਾ ਹਾਲੇ ਨਹੀਂ ਮਿਲੇਗਾ। ਜਾਣਕਾਰੀ ਅਨੁਸਾਰ, ਸੁਰੱਖਿਆ ਪ੍ਰਵਾਨਗੀ ਮਿਲਣ ਵਿੱਚ ਸਮਾਂ ਲੱਗ ਸਕਦਾ ਹੈ। ਟਰੰਪ 2029 ਵਿੱਚ ਆਪਣੇ ਰਾਸ਼ਟਰਪਤੀ ਕਾਰਜਕਾਲ ਦੇ ਪੂਰੇ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਇਸ ਜਹਾਜ਼ ਦੀ ਵਰਤੋਂ ਕਰ ਸਕਣਗੇ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸੇਵਾਮੁਕਤੀ ਤੋਂ ਬਾਅਦ ਕੋਈ ਅਧਿਕਾਰਤ ਅਹੁਦਾ ਨਹੀਂ ਸੰਭਾਲਾਂਗਾ : ਚੀਫ਼ ਜਸਟਿਸ ਸੰਜੀਵ ਖੰਨਾ



**ਨਵੀਂ ਦਿੱਲੀ ।** ਭਾਰਤ ਦੇ ਚੀਫ ਜਸਟਿਸ ਸੰਜੀਵ ਖੰਨਾ ਨੇ ਮੰਗਲਵਾਰ ਨੂੰ ਕਿਹਾ ਕਿ ਹਾਲਾਂਕਿ ਉਹ ਸੇਵਾਮੁਕਤੀ ਤੋਂ ਬਾਅਦ ਕਿਸੇ ਵੀ ਅਧਿਕਾਰਤ ਜ਼ਿੰਮੇਵਾਰੀ ਨੂੰ ਮਨਜ਼ੂਰ ਨਹੀਂ ਕਰਨਗੇ ਪਰ ਉਹ ਕਾਨੂੰਨ 'ਚ ਅਪਣੀ ਪਾਰੀ ਜਾਰੀ ਰਖਣਗੇ। ਜਸਟਿਸ ਖੰਨਾ ਨੂੰ 18 ਜਨਵਰੀ, 2019 ਨੂੰ ਸੁਪਰੀਮ ਕੋਰਟ 'ਚ ਤਰੱਕੀ ਦਿਤੀ ਗਈ ਸੀ। ਉਨ੍ਹਾਂ ਨੂੰ 11 ਨਵੰਬਰ, 2024 ਨੂੰ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਸੀ ਅਤੇ ਉਹ ਮੰਗਲਵਾਰ ਨੂੰ ਸੇਵਾਮੁਕਤ ਹੋ ਗਏ। ਰਸਮੀ ਬੈਂਚ ਦੀ ਕਾਰਵਾਈ ਖਤਮ ਹੋਣ ਤੋਂ ਬਾਅਦ ਚੀਫ ਜਸਟਿਸ ਨੇ ਸੁਪਰੀਮ ਕੋਰਟ ਕੰਪਲੈਕਸ 'ਚ ਪੱਤਰਕਾਰਾਂ ਨਾਲ ਮੁਲ-ਾਕਾਤ ਕੀਤੀ ਅਤੇ ਕਿਹਾ, ''ਮੈਂ ਸੇਵਾਮੁਕਤੀ ਮਗਰੋਂ ਕਿਸੇ ਵੀ ਅਹੁਦੇ ਨੂੰ ਮਨਜ਼ੂਰ ਨਹੀਂ ਕਰਾਂਗਾ। ਸ਼ਾਇਦ ਕਾਨੂੰਨ ਨਾਲ ਸਬੰਧਤ ਕੁੱਝ ਕਰਾਂਗਾ।'' ਸੁਪਰੀਮ ਕੋਰਟ ਦੇ ਕਈ ਸਾਬਕਾ ਜੱਜ ਵਿਚੋਲਗੀ ਵਿਚ ਅਪਣੀ ਪਾਰੀ ਦੀ ਸ਼ੁਰੂਆਤ ਕਰਦੇ ਹਨ। ਚੀਫ ਜਸਟਿਸ ਨੇ ਕਿਹਾ, ''ਮੈਂ ਤੀਜੀ ਪਾਰੀ ਖੇਡਾਂਗਾ ਅਤੇ ਕਾਨੂੰਨ ਨਾਲ ਜੁੜਿਆ ਹੀ ਕੁੱਝ ਕਰਾਂਗਾ।'' 10 ਮਈ ਨੂੰ ਨਾਮਜ਼ਦ ਨਵੇਂ ਚੀਫ ਜਸਟਿਸ ਬੀ.ਆਰ. ਗਵਈ ਨੇ ਵੀ ਸੇਵਾਮੁਕਤੀ ਮਗਰੋਂ ਕਿਸੇ ਵੀ ਕੰਮ ਨੂੰ ਨਾਂਹ ਕਰ ਦਿਤੀ ਸੀ।

# ਪਟਿਆਲਾ ਪੁਲੀਸ ਵੱਲੋਂ 600 ਲਿਟਰ ਈਥਾਨੌਲ ਬਰਾਮਦ



**ਘਨੌਰ।** ਇੱਥੋਂ ਦੀ ਪੁਲੀਸ ਵੱਲੋਂ ਅੱਜ 600 ਲਿਟਰ ਈਥਾਨੌਲ ਜ਼ਬਤ ਕੀਤਾ ਗਿਆ ਹੈ। ਇਹ ਬਰਾਮਦਗੀ ਸ਼ੰਭੂ ਪੁਲੀਸ ਨੇ ਕੀਤੀ ਹੈ। ਦਿੱਲੀ ਤੋਂ ਗੈਰ-ਕਾਨੂੰਨੀ ਢੰਗ ਨਾਲ ਟਰੱਕ ਰਾਹੀਂ ਪੰਜਾਬ ਲਿਆਂਦੇ ਜਾ ਰਹੇ ਇਸ ਪਦਾਰਥ ਦੀ ਵਰਤੋਂ ਨਕਲੀ ਸ਼ਰਾਬ ਬਣਾਉਣ ਲਈ ਕੀਤੀ ਜਾਣੀ ਸੀ। ਇਸ ਸਬੰਧੀ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ।

# ਜੌੜੇਪੁਲ ਨਹਿਰ ਵਿੱਚ ਕਾਰ ਡਿੱਗਣ ਕਾਰਨ ਚਾਰ ਜਣਿਆਂ ਦੀ ਹੋਈ ਮੌਤ

**ਪਾਇਲ।** ਚਾਰ ਜ਼ਿਲ੍ਹਿਆਂ ਦੀ ਹੱਦ 'ਤੇ ਪੈਂਦੇ ਜੌੜੇਪੁਲ ਨਹਿਰ ਵਿੱਚ ਕਾਰ ਡਿੱਗਣ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ ਜਿਸ ਦੀ ਖਬਰ ਮਿਲਦੇ ਹੀ ਇਲਾਕੇ ਵਿੱਚ ਸੋਗ ਫੈਲ ਗਿਆ। ਕਰੀਬ 40 ਘੰਟਿਆਂ ਦੀ ਜੱਦੋ ਜਹਿਦ ਤੋਂ ਬਾਅਦ ਮ੍ਰਿਤਕਾਂ ਦੀਆਂ ਲਾਸ਼ਾਂ ਪੁਲੀਸ ਨੂੰ ਮਿਲੀਆਂ। ਡੀਐੱਸਪੀ ਦਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਪਰਿਵਾਰ ਵੱਲੋਂ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ 11 ਤੇ 12 ਮਈ ਦੀ ਰਾਤ ਨੂੰ ਮਾਲੇਰਕੋਟਲਾ ਦੇ ਪਿੰਡ ਸੰਗਾਲਾ, ਰਟੌਲਾ ਨੇੜੇ ਇੱਕ ਟਰੱਕ ਏਜੰਸੀ ਵਿੱਚ ਕੰਮ ਕਰਦੇ ਚਾਰ ਵਿਅਕਤੀਆਂ ਗੋਪਾਲ ਕ੍ਰਿਸ਼ਨ, ਜਤਿੰਦਰ ਕੁਮਾਰ ਚੌਧਰੀ, ਰਾਜਸਥਾਨ ਗਗਨਦੀਪ ਸਿੰਘ ਵਾਸੀ ਘਨੌੜ ਜੱਟਾਂ, ਸੁੱਜਨ ਮਲਿਕ ਨੇ ਕਾਰ ਰਾਹੀਂ ਹਰਿਦੁਆਰ ਜਾਣਾ ਸੀ ਤੇ ਉਨ੍ਹਾਂ ਦਾ



ਕੋਈ ਥਹੁ ਪਤਾ ਨਹੀਂ ਲੱਗ ਰਿਹਾ ਸੀ, ਜਿਨ੍ਹਾਂ ਵਿੱਚ ਇੱਕ ਏਜੰਸੀ ਦਾ ਮੈਨੇਜਰ ਵੀ ਸ਼ਾਮਲ ਹੈ। ਹਾਦਸੇ ਦਾ ਸ਼ਿਕਾਰ ਹੋਣ ਵਾਲੇ ਵਿਅਕਤੀਆਂ ਦੀ ਉਮਰ ਕਰੀਬ 25 ਤੋਂ 40 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ। ਦੋ ਦਿਨ ਤੋਂ ਲਾਪਤਾ ਹੋਏ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਸੀ ਤਾਂ ਉਨ੍ਹਾਂ ਨੂੰ ਫੋਨ ਦੀ ਲੋਕੇਸ਼ਨ ਜੌੜੇਪੁਲ ਨਹਿਰ ਦੇ ਆਲੇ ਦੁਆਲੇ ਹੋਣ ਦੀ ਮਿਲ ਰਹੀ ਸੀ ਤੇ ਇੱਥੇ ਆ ਕੇ ਕਾਰ ਗਾਇਬ ਹੋ ਗਈ ਹੈ। ਕਾਰ ਦੀ ਸਪੀਡ ਇੰਨੀ ਤੇਜ਼ ਸੀ ਕਿ ਨਹਿਰ ਕਿਨਾਰੇ ਲੱਗੇ ਭਾਰੀ ਲੋਹੇ ਦੇ ਪਾਈਪਾਂ ਨੂੰ ਤੋੜ ਕੇ ਕਾਰ ਨਹਿਰ ਵਿੱਚ ਸਿੱਧੀ ਜਾ ਡਿੱਗੀ। ਪੁਲੀਸ ਵੱਲੋਂ ਕਾਰ ਨੂੰ ਨਹਿਰ ਵਿੱਚੋਂ ਕੱਢਣ ਤੋਂ ਬਾਅਦ ਚਾਰ ਕਾਰ ਸਵਾਰ ਵਿਅਕਤੀਆਂ ਦੀਆ ਲਾਸ਼ਾਂ ਮਿਲੀਆਂ ਜਿਨ੍ਹਾਂ ਦੀ ਪਹਿਚਾਣ ਕਰਨੀ ਔਖੀ ਹੋ ਰਹੀ ਸੀ। ਪੁਲੀਸ ਚੌਂਕੀ ਹਿੰਮਤਾਣਾ ਵੱਲੋਂ ਲਾਸ਼ਾਂ ਦੇ ਪੋਸਟ ਮਾਰਟਮ ਤੋਂ ਬਾਅਦ ਲਾਸ਼ਾਂ ਪਰਿਵਾਰ ਦੇ ਮੈਂਬਰਾਂ ਨੂੰ ਸੌਂਪੀਆਂ ਜਾਣਗੀਆਂ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਓਵਰਲੋਡ ਟਰੱਕ ਦੇ ਬਿਜਲੀ ਦੀਆਂ ਤਾਰਾਂ ਨਾਲ ਟਕਰਾਉਣ ਨਾਲ ਦੁਕਾਨਦਾਰਾਂ ਦੇ ਸਟਰਾ ਵਿਚ ਆਇਆ ਕਰੰਟ

**●ਕੇਵਲ ਤਾਰ ਨੇ ਮਾਰਿਆ ਪਟਾਕਾ , ਦੁਕਾਨਦਾਰ ਸਹਿਮੇਂ ●ਕਿਸੇ ਜਾਨੀ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ - ਲਖਵੀਰ ਸਿੰਘ ਗੋਬਿੰਦਪੁਰ**





**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਮਹਿਤਪੁਰ ਸੀਵਰੇਜ ਟਰੀਟਮੈਂਟ ਕਾਰਨ ਪਰਜੀਆ ਰੋਡ ਪੁਟਿਆ ਹੋਣ ਕਰਕੇ ਵੱਡੇ ਟਰਾਲੇ ਅਤੇ ਟਿੱਪਰ ਅਤੇ ਟਰੱਕ ਵਾਰਡ ਨੰਬਰ 7 ਵਿਚ ਦੀ ਹੋ ਕੇ ਲੰਘਣ ਲਈ ਮਜਬੂਰ ਹਨ। ਜ਼ਿਕਰਯੋਗ ਹੈ ਕਿ ਇਹ ਸੜਕ ਟੈਲ ਇੱਟਾਂ ਵਾਲੀ ਮਹੱਲੇ ਦੀ ਸੜਕ ਹੈ ਅਤੇ ਇਸ ਮਹੱਲੇ ਵਿਚ ਮੋੜ ਉਤੇ ਮੇਨ ਸਪਲਾਈ ਦਾ ਟਰਾਂਸਫਾਰਮਰ ਲੱਗਿਆ ਹੋਇਆ ਹੈ ਅਤੇ ਦੂਜੇ ਪਾਸੇ ਮੋੜ ਤੇ ਮੁਹੱਲੇ ਨੂੰ ਜਾਦੀ ਬਿਜਲੀ ਸਪਲਾਈ ਦੇ ਮੀਟਰਾਂ ਵਾਲਾ ਬੋਕਸ ਲੱਗਾ ਹੋਇਆ ਹੈ। ਇਸ ਛੋਟੀ ਗਲੀ ਵਿਚ ਪੂਰਾ ਜੋਖ਼ਮ ਉਠਾ ਕੇ ਲੰਘਦੇ ਓਵਰ ਲੋਡ ਟਰੱਕਾਂ ਕਾਰਨ ਵੱਡਾ ਹਾਦਸਾ ਕੋਈ ਵੀ ਵੱਡਾ ਹਾਦਸਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਰੋਡ ਤੇ ਓਵਰ ਲੋਡ ਟਰੱਕ ਲੰਘਣ ਸਮੇਂ ਬਿਜਲੀ ਦੀਆਂ ਤਾਰਾਂ ਨਾਲ ਟਕਰਾ ਗਿਆ ਜਿਸ ਨਾਲ ਮੀਟਰ ਤੋਂ ਘਰਾਂ ਨੂੰ ਜਾਂਦੀਆਂ ਕੇਬਲ ਖਿਚੀਆਂ ਗਈਆ ਤੇ ਕੇਬਲਾਂ ਦੀਆਂ ਤਾਰਾਂ ਟਰੈਕ ਹੋ ਗਈਆ ਜਿਸ ਨਾਲ ਵਾਰਡ ਨੰਬਰ 7 ਦੀਆਂ ਦੁਕਾਨਾਂ ਦੇ ਸਟਰਾ ਵਿਚ ਕਰੰਟ ਆ ਗਿਆ। ਇਸ ਦਾ ਪਤਾ ਉਦੋਂ ਲੱਗਿਆ ਜਦੋਂ ਸ਼ਾਮ ਦੁਕਾਨ ਬੰਦ ਕਰਨ ਸਮੇਂ ਦੁਕਾਨ ਦੇ ਸਟਰ ਤੇ ਦੁਕਾਨਦਾਰ ਨੂੰ ਕਰੰਟ ਦਾ ਤੜਕਾ ਝਟਕਾ ਲੱਗਿਆ। ਦੁਕਾਨਦਾਰਾਂ ਵਿਚ ਹਫੜਾ ਦਫੜੀ ਮੱਚ ਗਈ ਤੇ ਦੁਕਾਨਦਾਰ ਟੈਸਟ ਪੈਨ ਲੈ ਕੇ ਆਪੋ ਆਪਣੇ ਸਟਰ ਚੈੱਕ ਕਰਨ ਲੱਗੇ। ਇਸ ਮੌਕੇ ਹਾਜ਼ਰ ਪੱਤਰਕਾਰ ਵੱਲੋਂ ਐਸ ਡੀ ਓ ਸਾਹਬ ਨੂੰ ਫੋਨ ਕਰਕੇ ਜਾਣੂੰ ਕਰਵਾਇਆ ਗਿਆ ਜਿਸ ਤੇ ਮੁਲਾਜ਼ਮਾਂ ਵੱਲੋਂ ਸ਼ਹਿਰ ਦੀ ਸਪਲਾਈ ਬੰਦ ਕਰਕੇ ਟਰੱਕ ਲੰਘਣ ਨਾਲ ਕਰੈਕ ਹੋਈਆਂ ਨੂੰ ਕੱਟ ਕੇ ਸਪਲਾਈ ਬਹਾਲ ਕੀਤੀ। ਇਸ ਮੌਕੇ ਦੁਕਾਨਦਾਰ ਇੰਨਾਂ ਡਰ ਗਏ ਕਿ ਬਿਜਲੀ ਅਧਿਕਾਰੀਆਂ ਦੇ ਭਰੋਸਾ ਦਿਵਾਉਣ ਦਾ ਬਾਵਜੂਦ ਟੈਸਟ ਪੈਨ ਨਾਲ ਸਟਰ ਚੈੱਕ ਕਰਦੇ ਰਹੇ। ਇਸ ਮੌਕੇ ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਨੇ ਸਖ਼ਤ ਸਟੈਂਡ ਲੈਂਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਦੁਕਾਨ ਦਾ ਜਾਨੀ ਮਾਲੀ ਨੁਕਸਾਨ ਹੋਇਆ ਤਾਂ ਇਸ ਦਾ ਜ਼ਿੰਮੇਵਾਰ ਪ੍ਰਸਾਸਨ ਹੋਵੇਗਾ। ਉਨ੍ਹਾਂ ਕਿਹਾ ਕਿ ਪਰਜੀਆ ਰੋਡ ਨੂੰ ਤੁਰੰਤ ਮੁਕੰਮਲ ਕਰਕੇ ਆਵਾਜਾਈ ਬਹਾਲ ਕੀਤੀ ਜਾਵੇ ਅਤੇ ਵਾਰਡ ਨੰਬਰ 7 ਵਿਚ ਓਵਰ ਲੋਡ ਟਰੱਕਾਂ ਦਾ ਆਉਣਾ ਵੀ ਬੰਦ ਕੀਤਾ ਜਾਵੇ। ਨਹੀਂ ਤਾਂ ਯੂਨੀਅਨ ਵੱਲੋਂ ਦੁਕਾਨਦਾਰਾਂ ਨੂੰ ਨਾਲ ਲੈਕੇ ਸੰਘਰਸ਼ ਆਰੰਭਿਆ ਜਾਵੇਗਾ ਇਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦਾ ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸੌ ਪ੍ਰਤੀਸ਼ਤ







**ਸੰਦੀਪ ਸਿੰਘ ਬਖੋਪੀਰ (ਸਮਾਜ ਵੀਕਲੀ)**

ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਸੀ.ਬੀ.ਐਸ.ਈ ਬੋਰਡ ਦਾ ਨਤੀਜਾ ਘੋਸ਼ਿਤ ਹੋਇਆ ਜਿਸ ਵਿੱਚ ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਦਾ ਬਾਰਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਬਾਰਵੀਂ ਜਮਾਤ ਵਿੱਚੋਂ ਸਕੂਲ ਦੀ ਓਵਰਆਲ ਬੈਸਟ ਸਟੂਡੈਂਟ ਸਹਿਜਦੀਪ ਕੌਰ ਸਪੁੱਤਰੀ ਬਲਵਿੰਦਰ ਸਿੰਘ ਨੇ ਪੰਜਾਬੀ ਅਤੇ ਪੋਲੀਟੀਕਲ ਸਾਇੰਸ ਵਿਸ਼ੇ ਵਿੱਚੋਂ 100 ਵਿੱਚੋਂ 99 ਅੰਕ ਹਾਸਲ ਕਰਦੇ ਹੋਏ। 500 ਵਿੱਚੋਂ 480 ਅੰਕ ਪ੍ਰਾਪਤ ਕਰਕੇ 96% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ ਤਰਨਪ੍ਰੀਤ ਕੌਰ ਸਪੁੱਤਰੀ ਸਰਬਜੀਤ ਸਿੰਘ ਨੇ 500 ਵਿੱਚੋਂ 446 ਅੰਕ ਹਾਸਲ ਕਰਕੇ 89.2% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ। ਅਤੇ ਸਕੂਲ ਦੇ ਵਿਦਿਆਰਥੀ ਜਗਮੀਤ ਸਿੰਘ ਸਪੁੱਤਰ ਰਣਜੀਤ ਸਿੰਘ ਨੇ 500 ਵਿੱਚੋਂ 434 ਅੰਕ ਹਾਸਲ ਕਰਕੇ 86.8% ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਨੇ ਸਮੂਹ ਮਾਪਿਆਂ ਨੂੰ ਵਧਾਈ ਪੇਸ਼ ਕੀਤੀ ਅਤੇ ਮਿਹਨਤੀ ਅਧਿਆਪਕਾਂ ਤੇ ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਇਸੇ ਤਰ੍ਹਾਂ ਮਿਹਨਤ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਆਸ਼ੀਰਵਾਦ ਦਿੱਤਾ ਮੌਕੇ ਉੱਤੇ ਸਕੂਲ ਮਨੇਂਜਰ ਸਰਦਾਰ ਸਰਬਜੀਤ ਸਿੰਘ ਜੀ, ਕਮਲਦੀਪ ਸਿੰਘ ਝਨੇੜੀ ਜੀ ਸਕੂਲ ਪ੍ਰਬੰਧਕ ਡਰਾਇਕ-ਟਰ ਡਾ: ਗੁਰਮੀਤ ਸਿੰਘ, ਬਾਰਵੀਂ ਜਮਾਤ ਦੇ ਇੰਚਾਰਜ ਸੰਦੀਪ ਸਿੰਘ ਕੋਆਡੀਨੇਟਰ ਮੈਡਮ ਬਲਜੀਤ ਕੌਰ ਮੈਡਮ ਹਰਗਿੰਦਰ ਕੌਰ ਸਨਮੀਤ ਸਿੰਘ, ਗੁਰਜੰਟ ਸਿੰਘ, ਜਗਤਾਰ ਸਿੰਘ ਅਤੇ ਹਰਵਿੰਦਰ ਸਿੰਘ ਮੌਜੂਦ ਸਨ।

# ਮਜੀਠਾ ‘ਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ, ਵੱਡੀ ਤ੍ਰਾਸਦੀ

***ਕਿਹੜੇ ਅਫਸਰਾਂ ਤੇ ਹੋਵੇਗਾ 302 ਦਾ ਪਰਚਾ ਦਰਜ਼ ਤੇ ਕਿੰਨ੍ਹਾਂ ਨੂੰ ਬਚਾਉਣ ਦਾ ਹੋਵੇਗਾ ਹੀਲਾ-ਬਸੀਲਾ- ਐਡਵੋਕੇਟ ਘੁੰਮਣ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਹ ਮਡਰ ਹੈ, ਇਹ ਕਤਲ ਹੈ, ਇਹ ਮੌਤ ਨਹੀਂ ਜ਼ਹਿਰ ਵੰਡਿਆ ਗਿਆ, ਇਨ੍ਹਾਂ ਤੇ ਪਹਿਲਾਂ 302 ਦਾ ਪਰਚਾ ਹੋਣਾ ਚਾਹੀਦਾ ਹੈ। ਇਹ ਸ਼ਬਦ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮੂੰਹੋਂ 2020 ‘ਚ ਇੱਕ ਵੀਡੀਓ ਵਿੱਚ ਬੋਲੇ ਗਏ ਬੋਲ ਹਨ। ਜਦੋਂ ਤਰਨ-ਤਾਰਨ, ਗੁਰਦਾਸਪੁਰ ਜ਼ਿਲ੍ਹੇ ‘ਚ ਮੌਤਾਂ ਹੋਈਆਂ ਸਨ। ਵਿਧਾਨ ਸਭਾ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਕਿਹਾ ਕਿ ਹੁਣ ਇੱਕ ਵਾਰ ਫੇਰ ਅੰਮ੍ਰਿਤਸਰ ਦੇ ਮਜੀਠਾ ਉੱਪਮੰਡਲ ਵਿੱਚ ਐਸੀ ਤ੍ਰਾਸਦੀ ਵਾਪਰੀ ਜਿਸ ਵਿੱਚ 16 ਤੋਂ ਵੱਧ ਬੇਗੁਨਾਹ ਲੋਕਾਂ ਦੀ ਮੌਤ ਨਕਲੀ ਸ਼ਰਾਬ ਪੀਣ ਨਾਲ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਇਲਾਕੇ ਵਿੱਚ ਪਹਿਲਾਂ ਜਿਹੜੇ ਸ਼ਰਾਬ ਵੇਚਣ ਵਾਲੇ ਠੇਕੇਦਾਰ ਕੰਮ ਕਰਦੇ ਸਨ ਉਨ੍ਹਾਂ ਨੂੰ ‘ਆਪ’ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਹਟਾ ਕੇ ਆਪਣੇ ਨਜ਼ਦੀਕੀ ਸ਼ਰਾਬ ਦੇ ਠੇਕੇਦਾਰ ਨੂੰ ਸ਼ਰਾਬ ਵੇਚਣ ਦਾ ਕੰਮ ਸੌਂਪਿਆ ਹੋਇਆ ਹੈ। ਹੁਣ ਇਸ ਘਟਨਾ ਵਾਪਰਣ ਤੋਂ ਬਾਅਦ ਮੌਜੂਦਾ ਸਰਕਾਰ ਦੇ ਅਫਸਰ ਉਨ੍ਹਾਂ ਨੂੰ ਬਚਾਉਣ ਦਾ ਹੀਲਾ-ਬਸੀਲਾ ਕਰ ਰਹੇ ਹਨ। ਐਡਵੋਕੇਟ ਘੁੰਮਣ ਨੇ ਸੂਬਾ ਸਰਕਾਰ ਤੇ ਤੰਜ ਕਸਦਿਆਂ ਕਿਹਾ ਕਿ ਹੁਣ ਦੇਖਦੇ ਹਾਂ ਕਿ ਭਗਵੰਤ ਮਾਨ ਕਿਹੜੇ-ਕਿਹੜੇ ਅਫਸਰਾਂ ਤੇ 302 ਦਾ ਪਰਚਾ ਦਰਜ਼ ਕਰਦੇ ਹਨ ਤੇ ਕਿਹੜੇ ਕਿਹੜੇ ਲੋਕਾਂ ਨੂੰ ਬਚਾਉਂਦੇ ਹਨ। ਉਨ੍ਹਾਂ ਮੌਜੂਦਾ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਹੁਣ ਉਨ੍ਹਾਂ ਗਰੀਬ ਪ੍ਰੀਵਾਰਾਂ ਦੇ ਬੱਚਿਆਂ ਦੀ ਪੜ੍ਹਾਈ, ਉਨ੍ਹਾ ਦੇ ਪ੍ਰੀਵਾਰਾਂ ਦੀ 10-10 ਕਰੋੜ ਰੂ: ਮਾਲੀ ਸਹਾਇਤਾ ਦੇ ਨਾਲ-ਨਾਲ ਪ੍ਰੀਵਾਰ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਐਡਵੋਕੇਟ ਘੁੰਮਣ ਨੇ ਪੰਜਾਬ ਦੇ ਲੋਕਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਤੁਸੀਂ ਮੌਜੂਦਾ ਸਰਕਾਰ ਦੇ ਪਿਛਲੇ ਤਿੰਨ ਸਾਲ ਦੇ ਕਾਰਜਕਾਲ ਨੂੰ ਵੇਖ ਚੁੱਕੇ ਹੋ ਤੇ ਆਪਣੇ ਪਿੰਡੇ ਤੇ ਹੰਢਾਅ ਵੀ ਚੁੱਕੇ ਹੋ। ਤੁਹਾਨੂੰ ਸਰਕਾਰ ਦੀ ਕਹਿਣੀ ਤੇ ਕਥਨੀ ਵਿਚਲੇ ਫਰਕ ਦਾ ਪਤਾ ਲੱਗ ਚੁੱਕਿਆ ਹੈ। ਇਨ੍ਹਾਂ ਵੱਲੋਂ ਕੀਤੀ ਜਾ ਰਹੀ ਝੂਠ ਤੇ ਫਰੇਬ ਦੀ ਰਾਜਨੀਤੀ ਅੱਜ ਪੰਜਾਬ ਦੇ ਗਲੇ ਦੀ ਹੱਡੀ ਬਣ ਚੁੱਕੀ ਹੈ। ਉਨ੍ਹਾਂ ਕਿਹਾ, ਆਪਣੀ ਜਾਨ ਦੇ ਆਪ ਰਾਖੇ ਬਨਣ ਦਾ ਸਮਾ ਆ ਚੁੱਕਿਆ ਹੈ। ਇਹ ਲੋਕ ਰੰਗਲੇ ਪੰਜਾਬ ਦੀ ਸਿਰਜਨਾ ਦੇ ਝੂਠੇ ਲਾਰੇ ਲਾ ਕੇ ਅਪਣੀਆਂ ਰਾਜਸੀ ਰੋਟੀਆਂ ਸੇਕਣ ਲੱਗੇ ਹੋਏ ਹਨ।



ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ


MANPREET KAUR
90%


NAVPREET KAUR
90%


PALVI RANI
96.4%


MANISHA RANI
86%


LOVEPREET KAUR
79%


HARMANPREET KAUR
77%

**ਭੀਖੀ (ਕਮਲ ਜਿੰਦਲ)** ਸੀ. ਬੀ. ਐਸ. ਈ ਬੋਰਡ ਵੱਲੋਂ ਬਾਰਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਸਿਲਵਰ ਵਾਟਿਕਾ ਪਬਲਿਕ ਸਕੂਲ ਸਮਾਉ ਦੇ ਵਿਦਿਆਰਥੀਆਂ ਵਿੱਚੋਂ ਪੱਲਵੀ ਰਾਣੀ 96.4, ਹਰਮਨਪ੍ਰੀਤ ਸਿੰਘ 92.4,ਮਨਪ੍ਰੀਤ ਕੌਰ 90 ਅਤੇ ਨਵਪ੍ਰੀਤ ਕੌਰ ਨੇ 90 , ਅਰਸ਼ਦੀਪ ਕੌਰ 87.5,ਮਨੀਸ਼ਾ ਰਾਣੀ 86,ਜਸ਼ਨਦੀਪ ਕੌਰ 81,ਕੋਮਲਪ੍ਰੀਤ ਕੌਰ 79,ਲਵਪ੍ਰੀਤ ਕੌਰ 79, ਹਰਮਨਪ੍ਰੀਤ ਕੌਰ 77 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਬਾਕੀ ਹੋਰ ਸਾਰੇ ਵਿਦਿਆਰਥੀਆਂ ਨੇ ਵੀ ਆਪਣੇ ਵਿਸ਼ੇ ਮੁਤਾਬਿਕ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ ਹਨ।ਸਕੂਲ ਦੇ ਚੇਅਰਮੈਨ ਸ਼੍ਰੀ ਜਿਵੇਸ਼ ਨੂੰ ਸਿੰਗਲਾ ਜੀ ਨੇ ਇਹਨਾਂ ਬੱਚਿਆਂ ਨੂੰ ਵਧਾਈਆਂ ਦਿੱਤੀਆਂ ਅਤੇ ਨਾਲ ਹੀ ਇਹਨਾਂ ਦੀ ਹੌਸਲਾਅਫਜ਼ਾਈ ਕਰਦੇ ਹੋਏ ਕਿਹਾ ਕਿ ਇਹ ਬੱਚੇ ਅੱਗੇ ਜਾ ਕੇ ਜਰੂਰ ਕੋਈ ਵਧੀਆ ਮੁਕਾਮ ਹਾਸਿਲ ਕਰਨਗੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕਰਨ ਰਤਨ ਜੀ ਨੇ ਵੀ ਇਹਨਾਂ ਬੱਚਿਆਂ ਨੂੰ ਉਤਸਾਹਿਤ ਕੀਤਾ ਅਤੇ ਵਧਾਈ ਦਿੱਤੀ। ਸਮੂਹ ਸਟਾਫ ਵੱਲੋਂ ਇਹਨਾਂ ਬੱਚਿਆਂ ਨੂੰ ਵਧਾਈਆਂ ਦਿੱਤੀਆਂ।

# ਮਾਛੀਵਾੜਾ ਵਿੱਚ ਸਕੂਲੀ ਲੜਕੀਆਂ ਨਾਲ ਹੁਣ ਨਹੀਂ ਹੋਵੇਗੀ ਛੇੜਛਾੜ

## ਛੁੱਟੀ ਮੌਕੇ ਲੇਡੀਜ਼ ਪੁਲਿਸ ਕਰ ਰਹੀ ਹੈ ਵਿਸ਼ੇਸ਼ ਗਸ਼ਤ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਇਸ ਵੇਲੇ ਸਮੁੱਚੇ ਪੰਜਾਬ ਵਿੱਚ ਹੀ ਰੋਜ਼ਾਨਾ ਅਜਿਹੀਆਂ ਵਾਰਦਾਤਾਂ ਹੁੰਦੀਆਂ ਹਨ ਜੋ ਮਨੁੱਖਤਾ ਨੂੰ ਸ਼ਰਮਸਾਰ ਕਰਦੀਆਂ ਹਨ ਤੇ ਨਾਲ ਹੀ ਸੁਰੱਖਿਆ ਤੇ ਕਾਨੂੰਨ ਉੱਪਰ ਅਨੇਕਾਂ ਤਰ੍ਹਾਂ ਦੇ ਸਵਾਲ ਵੀ ਖੜੇ ਹੁੰਦੇ ਹਨ। ਇਹ ਤਾਂ ਅਸੀਂ ਅਕਸਰ ਹੀ ਦੇਖਦੇ ਹਾਂ ਕਿ ਸਕੂਲਾਂ ਕਾਲਜਾਂ ਦੇ ਵਿੱਚ ਜਦੋਂ ਛੁੱਟੀ ਹੁੰਦੀ ਹੈ ਤਾਂ ਕੁਝ ਆਸ਼ਿਕ ਕਿਸਮ ਦੇ ਨੌਜਵਾਨ ਸਕੂਲਾਂ ਤੋਂ ਆ ਰਹੀਆਂ ਵਿਦਿਆਰਥਣਾਂ ਨੂੰ ਤੰਗ ਪਰੇਸ਼ਾਨ ਕਰਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਅਨੇਕਾਂ ਥਾਵਾਂ ਉੱਤੇ ਲੜਾਈਆਂ ਵੀ ਹੋਈਆਂ ਹਨ।

ਅਜਿਹੀ ਸਥਿਤੀ ਦੇ ਵਿੱਚ ਮਾਛੀਵਾੜਾ ਪੁਲਿਸ ਨੇ ਇੱਕ ਵਧੀਆ ਕੰਮ ਕੀਤਾ ਹੈ ਜਦੋਂ ਵੀ ਸਕੂਲ ਕਾਲਜ ਆਦਿ ਨੂੰ ਛੁੱਟੀ ਹੋਵੇਗੀ ਤਾਂ ਛੁੱਟੀ ਦੇ ਸਮੇਂ ਹੀ ਦੋ ਲੇਡੀਜ਼ ਪੁਲਿਸ ਮੁਲਾਜ਼ਮ ਵਿਸ਼ੇਸ਼ ਸਕੂਟੀ ਦੇ



ਉੱਪਰ ਸਕੂਲਾਂ ਕਾਲਜਾਂ ਦੇ ਅੱਗੇ ਗਸ਼ਤ ਕਰਨਗੀਆਂ ਤਾਂ ਕਿ ਸਕੂਲੀ ਵਿਦਿਆਰਥਣਾਂ ਦੇ ਨਾਲ ਮਨ ਚਲੇ ਆਸ਼ਕ ਕਿਸੇ ਕਿਸਮ ਦੀ ਕੋਈ ਛੇੜਖਾਨੀ ਜਾਂ ਹੋਰ ਘਟੀਆ ਕਾਰਵਾਈ ਨਾ ਕਰਨ ਇਸ ਸਬੰਧ ਦੇ ਵਿੱਚ ਦੋ ਔਰਤ ਪੁਲਿਸ ਮੁਲਾਜ਼ਮਾਂ ਦੀ ਡਿਊਟੀ ਪੱਕੇ ਤੌਰ ਉੱਤੇ ਲਗਾ ਦਿੱਤੀ ਗਈ ਹੈ ਪਿਛਲੇ ਦਿਨੀ ਐਸ ਐਸ ਪੀ ਦਫਤਰ ਖੰਨਾ ਦੇ ਵਿੱਚ ਜੋ ਵਿਸ਼ੇਸ਼ ਸਕੂਟੀਆਂ ਪੀ ਸੀ ਆਰ ਔਰਤ ਪੁਲਿਸ ਮੁਲਾਜ਼ਮਾਂ ਨੂੰ ਇਹਨਾਂ ਕੰਮਾਂ ਲਈ ਦਿੱਤੀਆਂ ਸਨ ਉਹ ਹੁਣ ਮਾਛੀਵਾੜਾ ਵਿੱਚ ਵੀ ਗਸ਼ਤ ਕਰਨਗੀਆਂ ਪੁਲਿਸ ਵੱਲੋਂ ਇਸ ਸਬੰਧੀ ਵਿਸ਼ੇਸ਼ ਅਨਾਊਂਸਮੈਂਟ ਵੀ ਕਰ ਦਿੱਤੀ ਗਈ ਹੈ।ਪੁਲਿਸ ਵੱਲੋਂ ਚੁੱਕੇ ਹੋਏ ਇਸ ਤਰ੍ਹਾਂ ਦੇ ਕਦਮ ਦੀ ਜਿੱਥੇ ਵਿਦਿਆਰਥਣਾਂ ਦੇ ਮਾਪੇ ਸਰਾਹਨਾ ਕਰਦੇ ਹਨ ਉੱਥੇ ਹੀ ਆਮ ਲੋਕਾਂ ਦਾ ਕਹਿਣਾ ਹੈ ਕਿ ਇਹ ਪੁਲਿਸ ਦਾ ਵਧੀਆ ਕਦਮ ਹੈ ਕਿਉਂਕਿ ਕੁਝ ਘਟੀਆ ਕਿਸਮ ਦੇ ਮਨਚਲੇ ਨੌਜਵਾਨ ਅਕਸਰ ਹੀ ਆਉਣ ਜਾਣ ਵਾਲੀਆਂ ਕੁੜੀਆਂ ਨੂੰ ਤੰਗ ਕਰਦੇ ਸਨ ਛੇੜਛਾੜ ਤੇ ਹੋਰ ਤੰਜ ਕਸਦੇ ਨਜ਼ਰ ਆਉਂਦੇ ਸਨ ਇਸ ਤਰਾਂ ਨਾਲ ਹੁਣ ਅਜਿਹਾ ਕੁਝ ਨਹੀਂ ਹੋਵੇਗਾ।

# ਵਿਦਿਆਰਥੀ ਹੁਣ ਆਈਲੈਟਸ ਦੇ ਨਾਲ ਜਾਂ ਬਿਨਾ ਯੂ.ਕੇ ਵਿੱਚ ਪੜਾਈ ਕਰ ਸਕਦੇ-ਅਮਿਤੋਜ ਸਿੰਘ

**ਸੁਲਤਾਨਪੁਰੀ ਲੋਧੀ (ਸੋਢੀ )** - ਯੂ.ਕੇ ਵਿੱਚ ਉੱਚੀ ਸਿੱਖਿਆ ਹਾਸਲ ਕਰਨ ਦੀ ਖ਼ਾਹਿਸ਼ ਰੱਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਹੁਣ ਇੱਕ ਸੁਨਹਿਰੀ ਮੌਕਾ ਹੈ, ਇਹ ਯੂ.ਕੇ ਯੂਨੀਵਰਸਿਟੀਆਂ ਦੀਆਂ ਬਦਲਦੀਆਂ ਐਡਮਿਸ਼ਨ ਨੀਤੀਆਂ ਅਤੇ ਅਕਾਲ ਐਜੂਕੇਸ਼ਨਲ ਸਰਵਿਸਿਜ਼ ਸੁਲਤਾਨਪੁਰ ਲੋਧੀ ਵੱਲੋਂ ਪ੍ਰਦਾਨ ਕੀਤੀ ਗਈ ਵਿਸ਼ੇਸ਼ ਸੇਵਾਵਾਂ ਦਾ ਨਤੀਜਾ ਹੈ। ਇਹ ਜਾਣਕਾਰੀ ਦਿੰਦੇ ਹੋਏ ਅਕਾਲ ਐਜੂਕੇਸ਼ਨਲ ਸਰਵਿਸ ਦੇ ਐਮ. ਡੀ. ਅਮਿਤੋਜ ਸਿੰਘ ਨੇ ਦੱਸਿਆ ਕਿ ਉਮੀਦਵਾਰ ਵਿਦਿਆਰਥੀਆਂ ਲਈ ਇੱਕ ਵੱਡੀ ਖ਼ੁਸ਼ਖਬਰੀ ਦੇ ਤੌਰ 'ਤੇ, ਕਈ ਯੂਕੇ ਸੰਸਥਾਵਾਂ ਹੁਣ ਆਈਲੈਟਸ ਦੀ ਲੋੜ ਤੋਂ ਬਿਨਾਂ ਦਰਖ਼ਾਸਤਾਂ ਸਵੀਕਾਰ ਕਰ ਰਹੀਆਂ ਹਨ, ਜੋ ਵਿਕਲਪਿਕ ਇੰਗਲਿਸ਼ ਪ੍ਰੋਫ਼ਿਸ਼ਨਸੀ ਮਾਪਦੰਡਾਂ 'ਤੇ ਅਧਾਰਿਤ ਹਨ।

ਇਸ ਖ਼ੁਸ਼ੀ ਵਾਲੀ ਗੱਲ ਨੂੰ ਹੋਰ ਵਧਾਉਂਦੇ ਹੋਏ ਉਨ੍ਹਾਂ ਕਿਹਾ ਕਿ ਉਹ ਵਿਦਿਆਰਥੀ ਜੋ ਪੰਜ ਸਾਲ ਜਾਂ ਉਸ ਤੋਂ ਜਿਆਦਾ ਪੜਾਈ ਵਿੱਚ ਰੁਕਾਵਟਾਂ ਦਾ ਸਾਹਮਣਾ ਕਰ ਚੁੱਕੇ ਹਨ, ਉਹ ਵੀ ਅਰਜ਼ੀ ਦੇਣ ਲਈ ਯੋਗ ਹਨ ਅਤੇ ਉਹਨਾਂ ਦੇ ਜੀਵਨ ਸਾਥੀ ਪ੍ਰਧਾਨ ਅਰਜ਼ੀਦਾਰਾਂ ਦੇ ਨਾਲ ਡਿਪੈਂਡੈਂਟ ਵੀਜ਼ਾ 'ਤੇ ਯੂਕੇ ਜਾ ਸਕਦੇ ਹਨ ,ਜਿਸ ਨਾਲ ਇਹ ਮੌਕਾ ਭਾਰਤੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ


ਅਮਿਤੋਜ ਸਿੰਘ ਗੱਲਬਾਤ ਕਰਦੇ ਹੋਏ।

ਪਰਿਵਾਰਾਂ ਲਈ ਹੋਰ ਆਕਰਸ਼ਕ ਬਣ ਜਾਂਦਾ ਹੈ।ਇਸ ਮੁਹਿੰਮ ਦੇ ਸਿਰੇ 'ਤੇ ਮਿਸਟਰ ਅਮਿਤੋਜ ਸਿੰਘ ਹਨ, ਜੋ ਕਿ ਪ੍ਰਸਿੱਧ ਵੀਜ਼ਾ ਵਿਸ਼ੇਸ਼ ਅਤੇ ਅਕਾਲ ਐਜੂਕੇਸ਼ਨਲ ਸਰਵਿ-ਸਿਜ਼ ਦੇ ਮੈਨੇਜਿੰਗ ਡਾਇਰੈਕਟਰ ਹਨ, ਜਿਨ੍ਹਾਂ ਨੇ ਆਗਾਮੀ ਇੰਟੇਕਾਂ ਲਈ ਵਿਦਿਆਰਥੀਆਂ ਨੂੰ ਵਿਸ਼ੇਸ਼ਗਤ ਅਤੇ ਵਿਆਪਕ ਸਹਾਇਤਾ ਪ੍ਰਦਾਨ ਕਰਨ ਦੀ ਸ਼ੁਰੂਆਤ ਕੀਤੀ ਹੈ। ਸਾਲਾਂ ਦੇ ਤਜਰਬੇ ਅਤੇ ਅੰਤਰਰਾਸ਼ਟਰੀ ਵਿਦਿਆਰਥੀ ਭਰਤੀ ਵਿੱਚ ਮੰਨਤਾ ਪ੍ਰਾਪਤ ਰਿਕਾਰਡ ਨਾਲ, ਮਿਸਟਰ ਸਿੰਘ ਅਤੇ ਉਨ੍ਹਾਂ ਦੀ ਟੀਮ ਹਜੇ ਤੱਕ ਹਜ਼ਾਰਾਂ ਵਿਦਿਆਰਥੀਆਂ ਦੀ ਸਫਲਤਾ ਨਾਲ ਵਿਦੇਸ਼ ਵਿੱਚ ਸਿੱਖਿਆ ਯਾਤਰਾ ਦੀ ਸ਼ੁਰੂਆਤ ਕਰਵਾ ਚੁੱਕੀ ਹੈ। "ਯੂਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੇ ਦਰਵਾਜ਼ੇ ਹੋਰ ਖੋਲ੍ਹ ਰਿਹਾ ਹੈ। ਲਚਕੀਲੇ ਇੰਗਲਿਸ਼ ਭਾਸ਼ਾ ਦੇ ਮਾਪਦੰਡ, ਲੰਬੇ ਅਕਾਦਮਿਕ ਗੈਪਾਂ ਦੀ ਸਵੀਕਾਰਤਾ ਅਤੇ ਡਿਪੈਂਡੈਂਟ ਵੀਜ਼ਾ ਦੇ ਵਿਕਲਪਾਂ ਨਾਲ ਹੁਣ ਹੋਰ ਭਾਰਤੀ ਵਿਦਿਆਰਥੀ ਆਪਣਾ ਭਵਿੱਖ ਭਰੋਸੇ ਨਾਲ ਯੋਜਨਾ ਬੰਨ੍ਹ ਸਕਦੇ ਹਨ," ਮਿਸਟਰ ਸਿੰਘ ਨੇ ਕਿਹਾ। "ਅਕਾਲ ਐਜੂਕੇਸ਼ਨਲ ਸਰਵਿਸਿਜ਼ ਵਿੱਚ, ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਹਰ ਵਿਦਿਆਰਥੀ ਨੂੰ ਉਸਦੇ ਵਿਲੱਖਣ ਦੇ ਨਾਲ ਵਿਸ਼ੇਸ਼ਗਤ ਮਦਦ ਮਿਲੇ।" ਪ੍ਰੋਗਰਾਮ ਦੇ ਮੁੱਖ ਨੁਕਤੇ:

- ਵਿਦਿਆਰਥੀ ਕਈ ਕੇਸਾਂ ਵਿੱਚ ਆਇਲੈਟਸ ਦੀ ਲੋੜ ਤੋਂ ਬਿਨਾਂ ਯੂਕੇ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿੱਚ ਅਰਜ਼ੀ ਦੇ ਸਕਦੇ ਹਨ, ਜਿਸਦਾ ਕਾਰਨ ਵਿਕਲਪਿਕ ਇੰਗਲਿਸ਼ ਪ੍ਰੋਫ਼ਿਸ਼ਨਸੀ ਮਾਪਦੰਡ ਹਨ।
- ਅਕਾਲ ਐਜੂਕੇਸ਼ਨਲ ਸਰਵਿਸਿਜ਼ ਉਹਨਾਂ ਵਿਦਿਆਰਥੀਆਂ ਦੀ ਵੀ ਮਦਦ ਕਰਦਾ ਹੈ ਜਿਨ੍ਹਾਂ ਦੇ ਪੜਾਈ ਵਿੱਚ ਪੰਜ ਸਾਲ ਜਾਂ ਉਸ ਤੋਂ ਜਿਆਦਾ ਦਾ ਗੈਪ ਹੈ, ਅਤੇ ਉਹਨਾਂ ਨੂੰ ਉੱਚੀ ਸਿੱਖਿਆ ਦੇ ਸੁਪਨੇ ਪੂਰੇ ਕਰਨ ਵਿੱਚ ਮਦਦ ਮਿਲਦੀ ਹੈ।
- ਇਸਦੇ ਨਾਲ ਨਾਲ, ਵਿਦਿਆਰਥੀ ਆਪਣੇ ਜੀਵਨ ਸਾਥੀ ਨੂੰ ਡਿਪੈਂਡੈਂਟ ਵੀਜ਼ਾ 'ਤੇ ਲੈ ਕੇ ਜਾ ਸਕਦੇ ਹਨ, ਜਿਸ ਨਾਲ ਇਹ ਇੱਕ ਪਰਿਵਾਰਕ ਮੌਕਾ ਬਣ ਜਾਂਦਾ ਹੈ।
- ਕੰਸਲਟੈਂਸੀ ਵਿਦਿਆਰਥੀਆਂ ਨੂੰ ਸਮੁੱਚੀ ਮਦਦ ਪ੍ਰਦਾਨ ਕਰਦੀ ਹੈ, ਜਿਵੇਂ ਕਿ ਸਹੀ ਕੋਰਸ ਚੁਣਨਾ, ਯੂਨੀਵਰਸਿਟੀ ਦੀਆਂ ਅਰਜ਼ੀਆਂ ਅਤੇ ਵੀਜ਼ਾ ਦਸਤਾਵੇਜ਼ਾਂ ਨੂੰ ਸੰਭਾਲਣਾ, ਜਿਸ ਵਿੱਚ ਵਿਸ਼ੇਸ਼ਗਤ ਮਦਦ ਅਤੇ ਉੱਚ ਸਫਲਤਾ ਦਰਜ਼ਾ ਦਿੱਤਾ ਜਾਂਦਾ ਹੈ।

# ਸ਼ਹੀਦ ਭਾਈ ਮਤੀ ਦਾਸ ਦੇ ਪਰਿਵਾਰ ਦੀ ਨੌਵੀਂ ਪੀੜ੍ਹੀ ਵਿੱਚੋਂ ਭਾਈ ਚਰਨਜੀਤ ਸਿੰਘ ਨੂੰ ਪ੍ਰਮੁੱਖ ਸ਼ਖਸ਼ੀਅਤਾਂ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਕੀਤਾ ਗਿਆ ਸਨਮਾਨਿਤ

## ਗੁਰੂ ਸਾਹਿਬਾਂ ਵੱਲੋਂ ਸਾਡੇ ਪੁਰਖਿਆਂ ਨੂੰ ਬਖਸ਼ੇ ਇਤਿਹਾਸਕ ਹੁਕਮਨਾਮੇ ਤੇ ਨਿਸ਼ਾਨੀਆਂ ਕੌਮ ਦੀ ਅਨਮੋਲ ਵਿਰਾਸਤ- ਭਾਈ ਚਰਨਜੀਤ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਹੀਦ ਕਿਸੇ ਵੀ ਧਰਮ, ਕੌਮ ਜਾਂ ਦੇਸ਼ ਦਾ ਵਡਮੁੱਲਾ ਸਰਮਾਇਆ ਹੁੰਦੇ ਹਨ। ਜੇਕਰ ਸੰਸਾਰ ਦਾ ਇਤਿਹਾਸ ਕਿਸੇ ਨੇ ਕਲਮ ਨਾਲ ਲਿਖਿਆ ਹੈ ਤਾਂ ਸਿੱਖ ਕੌਮ ਦਾ ਇਤਿਹਾਸ ਖੂਨ ਦੀ ਸਿਆਹੀ ਲਾ ਕੇ ਖੰਡੇ ਦੀ ਧਾਰ ਨਾਲ ਲਿਖਿਆ ਹੈ ਤਾਂ ਹੀ ਸਿੱਖ ਕੌਮ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਦੇ ਸ਼ਹੀਦ ਹੀ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਸਰਪੰਚ ਸ੍ਰ: ਗੁਰਚਰਨ ਸਿੰਘ ਖੁਰਾਣਾ ਤੇ ਸ੍ਰ: ਸੁਖਵਿੰਦਰਪਾਲ ਸਿੰਘ ਸਰਨਾ ਜਨ.ਸਕੱਤਰ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਨਸ਼ਨ ਨੇ ਅੱਜ ਸਾਂਝੇ ਰੂਪ ਵਿੱਚ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਤੀ ਦਾਸ ਜੀ ਦੇ ਪਰਿਵਾਰ ਦੀ ਨੌਵੀਂ ਪੀੜ੍ਹੀ(ਵੰਸ਼ਜ) ਵਿੱਚੋਂ ਭਾਈ ਚਰਨਜੀਤ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਨ ਮੌਕੇ ਇਕੱਤਰ ਹੋਈਆਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣਾ ਸੀਸ ਭੇਟ ਕਰਕੇ ਲਾਸਾਨੀ ਸ਼ਹਾਦਤ ਦੇਣ ਵਾਲੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅਨਿੰਨ ਸੇਵਕ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਕੁਰਬਾਨੀ ਨਿਰਭਉ-ਨਿਰਵੈਰ, ਧਰਮ ਰੱਖਿਅਕ ਅਤੇ ਤਿਆਗ ਦੇ ਪ੍ਰਤੀਕ ਹੈ। ਜਿਸ ਤੋਂ ਸਮੁੱਚੇ ਸਮਾਜ ਨੂੰ ਸੇਧ ਲੈਣ ਦੀ ਲੋੜ ਹੈ।



ਸ੍ਰ: ਸੁਖਵਿੰਦਰਪਾਲ ਸਿੰਘ ਸਰਨਾ ਨੇ ਕਿਹਾ ਕਿ ਸਾਡੇ ਸਾਰਿਆਂ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅਸੀਂ ਕੌਮ ਦੇ ਮਹਾਨ ਸ਼ਹੀਦ ਭਾਈ ਮਤੀ ਦਾਸ ਜੀ ਦੀ ਨੌਵੀਂ ਪੀੜ੍ਹੀ ਵਿੱਚੋਂ ਕਿਰਤੀ ਸਿੰਘ ਦੇ ਰੂਪ ਵਜੋਂ ਧਰਮ ਪ੍ਰਚਾਰ ਦੀ ਸੇਵਾ ਨਿਭਾ ਰਹੇ ਭਾਈ ਚਰਨਜੀਤ ਸਿੰਘ ਜੀ ਨੂੰ ਸਨਮਾਨਿਤ ਕਰਨ ਵਿੱਚ ਫ਼ਖਰ ਮਹਿਸੂਸ ਕਰ ਰਹੇ ਹਾਂ। ਇਸ ਦੌਰਾਨ ਸ਼ਹੀਦ ਭਾਈ ਮਤੀ ਦਾਸ ਜੀ ਦੇ ਪਰਿਵਾਰ ਦੀ ਨੌਵੀਂ ਪੀੜ੍ਹੀ ਵਿੱਚੋਂ ਭਾਈ ਚਰਨਜੀਤ ਸਿੰਘ ਨੇ ਸਮੂਹ ਸ਼ਖਸ਼ੀਅਤਾਂ ਦਾ ਧੰਨਵਾਦ ਪ੍ਰਗਟ ਕੀਤਾ ਅਤੇ ਗੁਰੂ ਸਾਹਿਬਾਨ ਵੱਲੋਂ ਉਨ੍ਹਾਂ ਦੇ ਪੁਰਖਿਆਂ ਨੂੰ ਪ੍ਰੇਮ ਤੇ ਸਤਿਕਾਰ ਸਾਹਿਤ ਸੌਂਪੇ ਗਏ ਇਤਿਹਾਸਕ ਹੁਕਮਨਾਮੇ, ਇਤਿਹਾਸਕ ਵਸਤਾਂ ਦੀਆਂ ਤਸਵੀਰਾਂ ਅਤੇ ਸ਼ਹੀਦ ਭਾਈ ਮਤੀ ਦਾਸ ਜੀ ਦੇ ਪੁਰਖਿਆਂ ਅਤੇ ਬਾਅਦ ਦੇ ਪਰਿਵਾਰ ਦੀ ਸਮੁੱਚੀ ਬੰਸਾਵਲੀ ਵੀ ਦਿਖਾਈ ਅਤੇ ਕਿਹਾ ਕਿ ਇਹ ਇਤਿਹਾਸਕ ਨਿਸ਼ਾਨੀਆਂ ਤੇ ਵਸਤਾਂ ਸਮੁੱਚੀ ਕੌਮ ਦੀ ਅਨਮੋਲ ਵਿਰਾਸਤ ਹਨ। ਇਸ ਲਈ ਸਾਡਾ ਪਰਿਵਾਰ ਚਾਹੁੰਦਾ ਹੈ ਕਿ ਇਨ੍ਹਾਂ ਇਤਿਹਾਸਕ ਵਸਤਾਂ ਦੀ ਸੰਭਾਲ ਪੁਖਤਾ ਤੇ ਸਚਾਰੂ ਢੰਗ ਨਾਲ ਹੋ ਸਕੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਪ੍ਰੇਰਣਾ ਤੇ ਸੇਧ ਲੈ ਸਕਣ। ਇਸ ਮੌਕੇ ਉੱਘੇ ਸਮਾਜ ਸੇਵੀ ਸਰਪੰਚ ਗੁਰ-ਚਰਨ ਸਿੰਘ ਖੁਰਾਣਾ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਪ੍ਰਬੰਧਕ ਕਮੇਟੀ ਦੇ ਜਨ.ਸਕੱਤਰ ਸੁਖਵਿੰਦਰਪਾਲ ਸਿੰਘ ਸਰਨਾ, ਨਵਪ੍ਰੀਤ ਸਿੰਘ ਬਿੰਦਰਾ(ਮੈਂਬਰ ਟਰੱਸਟ), ਹਰਪ੍ਰੀਤ ਸਿੰਘ ਰਾਜਧਾਨੀ(ਮੈਂਬਰ ਟਰੱਸਟ) ਸਮੇਤ ਜਸਪ੍ਰੀਤ ਸਿੰਘ ਮੱਕੜ ਤੇ ਇਸ਼ਮੀਤ ਸਿੰਘ ਮੱਕੜ ਨੇ ਜੈਕਾਰਿਆਂ ਦੀ ਗੂੰਜ ਵਿੱਚ ਸ਼ਹੀਦ ਭਾਈ ਮਤੀ ਦਾਸ ਦੇ ਪਰਿਵਾਰ ਦੀ ਨੌਵੀਂ ਪੀੜ੍ਹੀ ਵਿੱਚੋਂ ਭਾਈ ਚਰਨਜੀਤ ਸਿੰਘ ਜੀ ਨੂੰ ਦੁਸ਼ਾਲਾ, ਸਿਰੋਪਾਉ ਤੇ ਸਨਮਾਨ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਵੱਲੋਂ ਮਾਂ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਦਾ ਆਯੋਜਨ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਸ਼ਾਖਾ ਡੇਰਾਬੱਸੀ ਵੱਲੋਂ ਅੰਤਰਾਸ਼ਟਰੀ ਮਾਂ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਡਾਕਟਰ ਬਰਖਾ ਰਾਮ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ ਸ੍ਰੀਮਤੀ ਸਾਧਨਾ ਸੰਗਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਦਿਆਂ ਇਨਸਾਨ ਦੀ ਜ਼ਿੰਦਗੀ ਵਿਚ ਮਾਂ ਦੀ ਦੇਣ ਬਾਰੇ ਆਪਣੇ ਵਿਚਾਰ ਰੱਖੇ। ਉਨ੍ਹਾਂ ਨੇ ਮਾਂ ਤੇ ਲਿਖਿਆ ਗੀਤ ਗਾ ਕੇ ਮਾਹੌਲ ਨੂੰ ਭਾਵੁਕ ਬਣਾ ਦਿੱਤਾ। ਡਾਕਟਰ ਬਰਖਾ ਰਾਮ ਦੱਸਿਆ ਕਿ ਮਾਂ ਆਪਣੇ ਬੱਚਿਆਂ ਦੀ ਭਲਾਈ ਦੇ ਲਈ ਆਪਣੇ ਅੰਗ ਤੱਕ ਦਾਨ ਕਰਨ ਵਿਚ ਵੀ ਸੰਕੋਚ ਨਹੀਂ ਕਰਦੀ। ਉਨ੍ਹਾਂ ਨੇ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਵੱਧ ਤੋਂ ਵੱਧ ਸਤਿਕਾਰ ਕਰਨ ਲਈ ਆਖਿਆ। ਇਸ ਮੌਕੇ ਭੂਸ਼ਣ ਅਗਰਵਾਲ, ਜੈ ਪ੍ਰਕਾਸ਼ ਧੀਮਾਨ, ਅਰਵਿੰਦਰ ਅਤੇ ਰਿਤੂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੀਸ਼ਦ ਦੇ ਅਹੁਦੇਦਾਰ ਉਪੇਸ਼ ਬੰਸਲ ਨੇ ਸਭਨਾਂ ਦਾ ਧੰਨਵਾਦ ਕੀਤਾ।



**ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਡੇਰਾਬੱਸੀ ਵੱਲੋਂ ਆਯੋਜਿਤ ਪ੍ਰੋਗਰਾਮ ਦਾ ਦ੍ਰਿਸ਼।**

# ਜਵਾਹਰ ਨਵੋਦਿਆ ਵਿਦਿਆਲਿਆ ਮਸੀਤਾਂ ਦੇ ਬੱਚਿਆਂ ਮਾਰੀਆਂ ਮੱਲ੍ਹਾਂ

## ਬਾਹਰਵੀ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ







**ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ।**

**ਕਪੂਰਥਲਾ (ਕੌੜਾ )–** ਪੀ.ਐਮ ਸ੍ਰੀ ਸਕੂਲ ਜੇ.ਐਨ. ਵੀ ਮਸੀਤਾਂ ਦੇ ਪ੍ਰਿੰਸੀਪਲ ਸ਼੍ਰੀ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਸਕੂਲ ਵਿਚ ਹੋਈ ਬਾਹਰਵੀਂ ਜਮਾਤ ਦੀ ਸੀ.ਬੀ.ਐਸ.ਈ. ਦੀ ਪ੍ਰੀਖਿਆ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ । ਉਨ੍ਹਾਂ ਦੱਸਿਆ ਕਿ ਬਾਹਰਵੀਂ ਜਮਾਤ ਵਿਚ ਕੁੱਲ 60 ਬੱਚਿਆਂ ਨੇ ਇਮਤਿਹਾਨ ਦਿੱਤਾ ਜਿਸ ਵਿਚ ਸਾਇੰਸ ਦੇ 09, ਕਾਮਰਸ ਦੇ 21 ਅਤੇ ਆਰਟਸ ਦੇ 30 ਵਿਦਿਆਰਥੀ ਸਨ। ਸਾਇੰਸ ਦੀ ਵਿਦਿਆਰਥਣ ਸ਼ਾਇਨਦੀਪ ਕੌਰ ਨੇ 80.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਕਾਮਰਸ ਵਿਚ ਕੁਮਾਰੀ ਹਿਮਾਨੀ ਨੇ 87.66 ਪ੍ਰਤੀਸ਼ਤ ਅੰਕ ਹਾਸਲ ਕਰਕੇ ਅਤੇ ਆਰਟਸ ਵਿਚ ਕੁਮਾਰੀ ਪਲਕਪ੍ਰੀਤ ਕੌਰ ਨੇ 87.2 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ਼੍ਰੀ ਵੀ.ਕੇ. ਰਘੁਵੰਸ਼ੀ ਵੱਲੋ ਸਾਰੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਗਈ।

# ਬੁੱਧ ਪੂਰਨਿਮਾ ਦਾ ਉਤਸਵ ਅੰਬੇਡਕਰ ਭਵਨ ਵਿਖੇ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ

## ਦੁੱਖਾਂ ਤੋਂ ਮੁਕਤ ਹੋਣ ਲਈ ਸਭ ਨੂੰ ਪੰਚਸ਼ੀਲ ਅਪਣਾਉਣਾ ਚਾਹੀਦਾ – ਭੰਤੇ ਚੰਦਰ ਕੀਰਤੀ















ਬੁੱਧ ਪੂਰਨਿਮਾ ਸਮਾਗਮ ਦੀਆਂ ਕੁਝ ਝਲਕੀਆਂ।

**ਜਲੰਧਰ: (ਸਮਾਜ ਵੀਕਲੀ)** ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ 2569ਵੀਂ ਪਵਿੱਤਰ ਬੁੱਧ ਪੂਰਨਿਮਾ ਦਾ ਉਤਸਵ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਭੰਤੇ ਸਤਿਕਾਰਯੋਗ ਭਿਖੂ ਚੰਦਰ ਕੀਰਤੀ, ਬੁਧ ਵਿਹਾਰ, ਤਰਖਾਨ ਮਜਾਰਾ (ਫਿਲੌਰ) ਨੇ ਪੰਚ ਸ਼ੀਲ ਗ੍ਰਹਿਣ ਕਰਾਇਆ ਅਤੇ ਧੰਮ ਦੇਸ਼ਨਾ ਦਿੱਤੀ। ਭੰਤੇ ਚੰਦਰ ਕੀਰਤੀ ਨੇ ਆਪਣੇ ਪ੍ਰਵਚਨ ਵਿੱਚ ਕਿਹਾ ਕਿ ਰਾਜਕੁਮਾਰ ਸਿਧਾਰਥ ਨੇ ਆਪਣੇ ਜੀਵਨ ਵਿੱਚ ਸਭ ਪ੍ਰਕਾਰ ਦੀਆਂ ਸ਼ਾਹੀ ਸੁੱਖ-ਸੁਵਿਧਾਵਾਂ ਪ੍ਰਾਪਤ ਹੋਣ ਦੇ ਬਾਵਜੂਦ ਦੁਖੀ ਲੋਕਾਂ ਦੇ ਕਲਿਆਣ ਲਈ ਘਰ-ਪਰਿਵਾਰ ਦਾ ਤਿਆਗ ਕੀਤਾ ਅਤੇ 6 ਸਾਲ ਤੱਕ ਇਨ੍ਹਾਂ ਦੁੱਖਾਂ ਦੇ ਵਿਗਿਆਨਕ ਕਾਰਨਾਂ ਦੀ ਤਲਾਸ਼ ਉਪਰੰਤ ਇਹ ਸਿੱਟਾ ਕੱਢਿਆ ਕਿ ਦੁੱਖ ਹੈ, ਦੁੱਖ ਦਾ ਕਾਰਨ, ਤ੍ਰਿਸ਼ਨਾ, ਮੋਹ, ਇਛਾਵਾਂ ਅਤੇ ਖਾਹਸ਼ਾਂ ਹਨ। ਇਨ੍ਹਾਂ ਲਾਲਸਾਵਾਂ ਦਾ ਤਿਆਗ ਹੀ ਦੁੱਖਾਂ ਦਾ ਨਿਵਾਰਣ ਹੈ। ਦੁੱਖਾਂ ਤੋਂ ਮੁਕਤ ਹੋਣ ਲਈ ਉਨ੍ਹਾਂ ਨੇ ਪੰਚਸ਼ੀਲ ਅਪਣਾਉਣ ਤੇ ਜ਼ੋਰ ਦਿੱਤਾ। ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਉਪ-ਪ੍ਰਧਾਨ ਪ੍ਰੋ. ਬਲਬੀਰ ਨੇ ਕਿਹਾ ਕਿ ਤਥਾਗਤ ਬੁੱਧ ਦਾ ਧੱਮ-ਇੱਕ ਵਿਗਿਆਨਿਕ ਧਰਮ ਹੈ ਜਿਹੜਾ ਪਾਰਲੌਕਿਕ ਸੁੱਖਾਂ ਦੀ ਬਜਾਏ ਇਸ ਲੌਕਿਕ ਜਗਤ ਨੂੰ ਸੁੱਖ ਭਰਿਆ ਬਣਾਉਣ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਮਨ ਵਿੱਚ ਉੱਠਦੀਆਂ ਲੋਭ ਮੋਹ ਅਤੇ ਲਾਲਚ ਦੀਆਂ ਤਰੰਗਾਂ ਮਨੁੱਖੀ ਦੁੱਖਾਂ ਦਾ ਕਾਰਨ ਹੈ। ਇਨ੍ਹਾਂ ਕਾਰਨਾਂ ਦਾ ਨਿਵਾਰਣ ਹੀ ਸੁੱਖ ਦੀ ਪ੍ਰਾਪਤੀ ਹੈ। ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਜਨਰਲ ਸਕੱਤਰ ਤੇ ਸੁਸਾਇਟੀ ਦੇ ਸਰਪ੍ਰਸਤ ਡਾ. ਜੀ.ਸੀ. ਕੌਲ ਨੇ ਕਿਹਾ ਕਿ ਤਥਾਗਤ ਬੁੱਧ ਦੀ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਮਨੁੱਖ ਹੈ। ਇਸ ਧਰਤੀ ਤੇ ਹੀ ਮਨੁੱਖੀ ਜੀਵਨ ਨੂੰ ਸੁਖੀ ਅਤੇ ਕਲਿਆਣਕਾਰੀ ਬਣਾਉਣਾ ਬੁੱਧ ਦਾ ਉਦੇਸ਼ ਹੈ। ਇਸ ਮਹਾਨ ਫਲਸਫੇ ਨੂੰ ਸਹੀ ਅਰਥਾਂ ਵਿੱਚ ਅਪਣਾ ਕੇ ਹੀ ਜੀਵਨ ਸੁਖ ਭਰਿਆ ਬਣ ਸਕਦਾ ਹੈ। ਡਾ. ਕੌਲ ਨੇ ਕਿਹਾ ਬੁੱਧ ਧਰਮ ਦਾ ਕਰਮਕਾਂਡ, ਪਖੰਡਵਾਦ ਅਤੇ ਅੰਧ ਵਿਸ਼ਵਾਸ਼ਾਂ ਨਾਲ ਕੋਈ ਸਰੋਕਾਰ ਨਹੀਂ ਹੈ। ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ, ਜਨਰਲ ਸਕੱਤਰ ਸਨੀ ਥਾਪਰ, ਅੰਬੇਡਕਰੀ ਆਗੂ ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਨ ਅਤੇ ਗੌਤਮ ਸਾਂਪਲਾ ਨੇ ਵੀ ਨੇ ਬੁੱਧ ਧੰਮ ਤੇ ਆਪਣੇ ਵਿਚਾਰ ਪੇਸ਼ ਕੀਤੇ। ਹੋਣਹਾਰ ਬਾਲਕ ਰਜਤ ਸੋਫੀ ਪਿੰਡ ਨੇ ਤਥਾਗਤ ਬੁੱਧ ਤੇ ਆਪਣਾ ਗੀਤ ਪੇਸ਼ ਕੀਤਾ। ਸਟੇਜ ਸੰਚਾਲਨ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ। ਅੰਤ ਵਿੱਚ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਸਭ ਬੁਲਾਰੇ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਬੁੱਧ ਪੂਰਨਿਮਾ ਦਾ ਸਮਾਗਮ ਬੋਧਗਯਾ ਵਿਖੇ ਮਹਾਂਬੋਧੀ ਮਹਾਂਵਿਹਾਰ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਾਉਣ ਵਾਸਤੇ ਚੱਲ ਰਹੇ ਅੰਦੋਲਨ ਨੂੰ ਸਮਰਪਿਤ ਹੈ ਅਤੇ ਸੁਸਾਇਟੀ ਇਹ ਮੰਗ ਕਰਦੀ ਹੈ ਕਿ ਬੀ.ਟੀ. ਐਕਟ 1949 ਨੂੰ ਜਲਦੀ ਰੱਦ ਕਰਕੇ ਮਹਾਬੋਧੀ ਮਹਾਵਿਹਾਰ ਦਾ ਕਬਜਾ ਨਿਰੋਲ ਬੋਧੀਆਂ ਨੂੰ ਸੌਂਪ ਦਿੱਤਾ ਜਾਵੇ। ਸਮਾਗਮ ਉਪਰੰਤ ਖੀਰ ਦਾ ਲੰਗਰ ਵਰਤਾਇਆ ਗਿਆ। ਪਹਿਲਗਾਮ ਵਿੱਚ ਅਤੰਕਵਾਦੀ ਹਮਲੇ ਦੁਆਰਾ ਮਾਰੇ ਗਏ 27 ਵਿਅਕਤੀਆਂ ਅਤੇ ਹਾਲ ਹੀ ਵਿੱਚ ਭਾਰਤ ਪਾਕਿ-ਸਤਾਨ ਜੰਗ ਦੌਰਾਨ ਮਾਰੇ ਗਏ ਭਾਰਤੀ ਜਵਾਨਾਂ ਅਤੇ ਨਿਰਦੋਸ਼ ਲੋਕਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਇਸ ਮੌਕੇ ਡਾ. ਮਹਿੰਦਰ ਸੰਧੂ, ਤਿਲਕਰਾਜ, ਹਰਭਜਨ ਨਿਮਤਾ, ਨਿਰਮਲ ਬਿੰਜੀ, ਐਡਵੋਕੇਟ ਹਰਭਜਨ ਸਾਂਪਲਾ, ਪ੍ਰਿੰਸੀਪਲ ਪਰਮਜੀਤ ਜੱਸਲ, ਚਮਨ ਦਾਸ ਸਾਂਪਲਾ, ਪ੍ਰੋਫੈਸਰ ਅਰਿੰਦਰ ਸਿੰਘ, ਹਰੀ ਸਿੰਘ ਥਿੰਦ, ਧਨੀ ਰਾਮ ਸੂਦ, ਰਜਿੰਦਰ ਜੱਸਲ, ਜੋਤੀ ਪ੍ਰਕਾਸ਼, ਚਰਨਜੀਤ ਸਿੰਘ, ਮਾਸਟਰ ਜੀਤ ਰਾਮ, ਸੇਵਾ ਸਿੰਘ, ਮਾਸਟਰ ਸੁਖਚਰਨ ਕੁਮਾਰ, ਪਿਸ਼ੋਰੀ ਲਾਲ ਸੰਧੂ, ਗੁਰਦਿਆਲ ਜੱਸਲ, ਬੀਬੀ ਸੁਨੀਤਾ, ਬਿੰਦੂ ਬਾਂਗੜ, ਕਵਿਤਾ ਢਾਂਡੇ ਅਤੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੋਸਾਇਟੀ**
**ਪੰਜਾਬ (ਰਜਿ.), ਜਲੰਧਰ**
**ਫੋਟੋ ਕੈਪਸ਼ਨ:**

# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਦੂਜਾ ਸਾਲ) ਦਾ ਸ਼ਾਨਦਾਰ ਸੌ ਫ਼ੀਸਦੀ ਨਤੀਜਾ

**ਬੰਗਾ (ਚਰਨਜੀਤ ਸੱਲ੍ਹਾ)** ਪੰਜਾਬ ਦੀ ਪ੍ਰਸਿੱਧ ਨਰਸਿੰਗ ਵਿਦਿਅਕ ਸੰਸਥਾ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਦੂਜਾ ਸਾਲ (ਚੌਥਾ ਸਮੈਸਟਰ) ਦਾ ਸ਼ਾਨਦਾਰ ਸੌ ਫੀਸਦੀ ਨਤੀਜਾ ਆਇਆ ਹੈ। ਇਸ ਦੀ ਜਾਣਕਾਰੀ ਦਿੰਦੇ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੇ ਦੱਸਿਆ ਕਿ ਬੀ.ਐਸ.ਸੀ. ਨਰਸਿੰਗ (ਦੂਜਾ ਸਾਲ) ਕਲਾਸ ਵਿਚੋਂ ਪਹਿਲਾ ਸਥਾਨ ਪ੍ਰਿਯਾਂਸ਼ੀ ਲਖਵਾਰਾ ਪੁੱਤਰੀ ਸ੍ਰੀ ਅਜੇ ਲਖਵਾਰਾ- ਸ੍ਰੀਮਤੀ ਸੁਨੀਤਾ ਲਖਵਾਰਾ ਢਾਹਾਂ ਕਲੇਰਾਂ ਨੇ ਸ਼ਾਨਦਾਰ ਗਰੇਡ ਪ੍ਰਾਪਤ ਕਰਕੇ ਕੀਤਾ। ਜਦ ਕਿ ਦੂਜਾ ਸਥਾਨ ਦੋ ਵਿਦਿਆਰਥਣਾਂ ਜੈਸਮੀਨ ਕੌਰ ਪੁੱਤਰੀ ਸ. ਮੱਖਣ ਸਿੰਘ- ਸ੍ਰੀਮਤੀ ਪਰਮਰ ਕੁਮਾਰੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਸਿਮਰਨਜੀਤ ਕੌਰ ਪੁੱਤਰੀ ਸ੍ਰੀ ਕੁਲਦੀਪ ਚੰਦ - ਸ੍ਰੀਮਤੀ ਕਮਲੇਸ਼ ਕੁਮਾਰੀ ਜ਼ਿਲ੍ਹਾ ਰੂਪਨਗਰ ਨੇ ਇੱਕੋ ਜਿਹਾ ਗਰੇਡ ਪ੍ਰਾਪਤ ਕਰਕੇ ਕੀਤਾ। ਇਸੇ ਤਰ੍ਹਾਂ ਤੀਜਾ ਸਥਾਨ ਵੀ ਇੱਕੋ ਜਿੰਨੇ ਗਰੇਡ ਪ੍ਰਾਪਤ ਕਰਕੇ ਮਨਜੀਤ ਕੌਰ ਪੁੱਤਰੀ ਸ. ਜਸਵੀਰ ਸਿੰਘ-ਸ੍ਰੀਮਤੀ ਪਰਮਜੀਤ ਕੌਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਮੰਨਾ ਪੁੱਤਰੀ ਸ੍ਰੀ ਰਾਜੂ - ਸ੍ਰੀਮਤੀ ਨੀਸ਼ੂ ਗੜ੍ਹਸ਼ੰਕਰ ਨੇ ਹਾਸਲ ਕੀਤਾ ਹੈ। ਕਾਲਜ ਦੇ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟੀਆਂ ਵੱਲੋਂ ਬੀ.ਐਸ.ਸੀ. ਨਰਸਿੰਗ (ਦੂਜਾ ਸਾਲ) ਚੌਥਾ ਸਮੈਸਟਰ ਦੇ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਹਨ। ਇਸ ਮੌਕੇ ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਸਰਬਜੀਤ ਕੌਰ ਕਲਾਸ ਇੰਚਾਰਜ, ਮੈਡਮ ਮਨਦੀਪ ਕੌਰ, ਮੈਡਮ ਸੰਦੀਪ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਨਵਜੋਤ ਕੌਰ, ਸ੍ਰੀ ਗੁਰਮੀਤ ਸਿੰਘ ਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ ।



**ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਦੂਜਾ ਸਾਲ (ਚੌਥਾ ਸਮੈਸਟਰ) ਦੇ ਟੌਪਰ ਵਿਦਿਆਰਥੀ।**

# ਮਾਛੀਵਾੜਾ ਬਲਾਕ ਕਾਂਗਰਸ ਕਮੇਟੀ ਦੀ ਮਹੀਨਾਵਾਰ ਮੀਟਿੰਗ ਹੋਈ

## ਆਉਣ ਵਾਲੀ ਹਰ ਚੋਣ ਜਿੱਤਣ ਲਈ ਕਾਂਗਰਸ ਤਿਆਰ- ਪਰਵਿੰਦਰ ਤਿਵਾੜੀ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ** ਜ਼ਿਲਾ ਲੁਧਿਆਣਾ ਦੇ ਇਤਿਹਾਸਕ ਸ਼ਹਿਰ ਸ੍ਰੀ ਮਾਛੀਵਾੜਾ ਸਾਹਿਬ ਵਿਚਲੀ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਸਾਹਿਬ ਦੀ ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਸਾਰੇ ਹੀ ਅਹੁਦੇਦਾਰਾਂ ਵਰਕਰਾਂ ਨੇ ਹਿੱਸਾ ਲਿਆ ਇਹ ਮੀਟਿੰਗ ਪਰਮਿੰਦਰ ਤਿਵਾੜੀ ਬਲਾਕ ਪ੍ਰਧਾਨ ਕਾਂਗਰਸ ਕਮੇਟੀ ਮਾਛੀਵਾੜਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸ੍ਰੀ ਸੁਰਿੰਦਰ ਕੁੰਦਰਾ ਸਰਪ੍ਰਸਤ ਬਲਾਕ ਕਾਂਗਰਸ, ਕਪਿਲ ਅਨੰਦ ਸ਼ਹਿਰੀ ਪ੍ਰਧਾਨ ਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

ਇਸ ਮੀਟਿੰਗ ਦੇ ਵਿੱਚ ਆਉਣ ਵਾਲੀਆਂ ਜ਼ਿਲਾ ਅਤੇ ਪੰਚਾਇਤ ਸੰਮਤੀ ਚੋਣਾਂ ਬਾਰੇ ਵਿਚਾਰ ਚਰਚਾ ਹੋਈ ਇਸ ਮੀਟਿੰਗ ਵਿੱਚ ਹੀ ਪਿੰਡਾਂ ਵਿੱਚ ਬੂਥ ਕਮੇਟੀਆਂ ਵੀ ਬਣਾਈਆਂ ਗਈਆਂ ਹਨ। ਬੂਥ ਕਮੇਟੀ ਦੇ ਮੈਂਬਰਾਂ ਦੇ ਨਾਲ ਵੀ ਵਿਚਾਰ ਚਰਚਾ ਕੀਤਾ ਗਿਆ ਤਾਂ ਕਿ ਆਉਣ ਵਾਲੀਆਂ ਹਰ ਚੋਣਾਂ ਦੇ ਵਿੱਚ ਕਾਂਗਰਸ ਪਾਰਟੀ ਹਿੱਸਾ ਲਵੇਗੀ ਆਗੂਆਂ ਤੇ ਵਰਕਰਾਂ ਦੇ ਵਧੀਆ ਤਾਲਮੇਲ ਦੇ ਨਾਲ ਸਾਰੀਆਂ ਚੋਣਾਂ ਲੜੇਗੀ ਤੇ ਜਿੱਤੇਗੀ ਵੀ, ਬਲਾਕ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਸ ਵੇਲੇ ਸਮੁੱਚੇ ਪੰਜਾਬ ਵਾਂਗ ਹੀ ਵਿਧਾਨ ਸਭਾ ਹਲਕਾ ਸਮਰਾਲਾ ਦੇ ਵਿੱਚ ਕਾਂਗਰਸ ਪੂਰੀ ਤਰਾਂ ਇੱਕ ਜੁੱਟ ਹੈ ਤੇ ਕਾਂਗਰਸ ਨੂੰ ਕਾਮਯਾਬ ਕਰਨ ਲਈ ਸਾਰੇ ਉਪਰਾਲੇ ਰਲ ਮਿਲ ਕੇ ਕੀਤੇ ਜਾ ਰਹੇ ਹਨ।

ਇਸ ਮੀਟਿੰਗ ਦੇ ਵਿੱਚ ਨੰਦ ਕਿਸ਼ੋਰ ਮੰਡਲ ਪ੍ਰਧਾਨ,, ਗਗਨਦੀਪ ਸਿੰਘ ਮੰਡਲ ਪ੍ਰਧਾਨ, ਜਸਪ੍ਰੀਤ ਸਿੰਘ ਸਹਿਜੋ ਮਾਜਰਾ ਬੂਥ ਪ੍ਰਧਾਨ ਦਿਹਾਤੀ, ਅੰਮ੍ਰਿਤ ਪਾਲ ਸਿੰਘ ਯੂਥ ਪ੍ਰਧਾਨ ਸ਼ਹਿਰੀ, ਸੋਮਨਾਥ ਮੰਡਲ ਪ੍ਰਧਾਨ, ਸੁਖਦੀਪ ਸਿੰਘ ਮੰਡਲ ਪ੍ਰਧਾਨ, ਰਾਜਨ ਸਰਪੰਚ ਮੰਡਲ ਪ੍ਰਧਾਨ, ਵਨੀਤ ਕੁਮਾਰ ਝੜੌਦੀ ਜਗਤਾਰ ਸਿੰਘ ਕਕਰਾਲਾ ਖੁਰਦ, ਸਰਬਜੀਤ ਸਿੰਘ ਖੀਰਨੀਆਂ, ਸ਼ੇਰ ਸਿੰਘ ਬੋਹਾਪੁਰ, ਇੰਦਰਜੀਤ ਸਿੰਘ ਹੇਡੋ ਢਾਹਾਂ, ਰਮੇਸ਼ ਕੁਮਾਰ, ਸੰਜੀਵ ਕੁਮਾਰ ਰਿਸ਼ੀ, ਚਰਨਜੀਤ ਸਿੰਘ ਪ੍ਰਧਾਨ ਐਸਸੀ ਬਲਾਕ ਮਾਛੀਵਾੜਾ, ਵਿਜੇ ਰਾਣਾ ਚੇਅਰਮੈਨ ਓਬੀਸੀ ਜ਼ਿਲ ਖੰਨਾ, ਚੇਤਨ ਚੌਰੀਆ, ਸੁਭਾਸ਼ ਬੀਟਜ, ਸੁਖਦੀਪ ਸੋਨੀ, ਵਿਜੇ ਰਾਣਾ ਅਮਰਜੀਤ ਸਿੰਘ ਐਕਸ ਐਮ ਸੀ, ਵਿਜੇ ਕੁਮਾਰ ਭੋਲਾ ਤੇ ਹੋਰ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।




# ਕਣਕ ਦੀ ਕਟਾਈ ਉਪਰੰਤ ਨਾੜ ਨੂੰ ਅੱਗ ਨਾ ਲਗਾਈ ਜਾਵੇ - ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕਣਕ ਦੀ ਫ਼ਸਲ ਦੀ ਕਟਾਈ ਹੋਣ ਦੇ ਨਾਲ ਹੀ ਖੇਤਾਂ ਚ ਨਾੜ ਨੂੰ ਅੱਗ ਲਾਉਣ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਹੈ। ਜੋ ਕਿ ਸਾਡੀ ਜ਼ਿੰਦਗੀ ਅਤੇ ਆਉਣ ਵਾਲੀਆਂ ਪੀੜੀਆਂ ਲਈ ਖਤਰਨਾਕ ਹੈ ਲ ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਅਤੇ ਜੁਆਇੰਟ ਸਕੱਤਰ ਬਲਾਕ ਸੰਤੋਖ ਸਿੰਘ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਹੇ। ਉਹਨਾਂ ਕਿਹਾ ਕਿ ਕਣਕ ਦੀ ਕਟਾਈ ਦੇ ਨਾਲ ਹੀ ਕਿਸਾਨ ਭਰਾਵਾਂ ਵਲੋਂ ਆਪਣੇ ਖੇਤਾਂ ਵਿਚ ਕਣਕ ਦੀ ਨਾੜ ਨੂੰ ਅੱਗ ਲਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਜੋ ਕਿ ਸਾਡੇ ਸਮਾਜ ਲਈ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਅਤੇ ਸਾਡੇ ਸਮਾਜ ਲਈ ਘਾਤਕ ਵੀ ਸਿੱਧ ਹੋ ਰਿਹਾ ਹੈ। ਉਹਨਾਂ



ਕਿਹਾ ਕਿ ਸਾਡੀ ਸੰਸਥਾ ਵਲੋਂ ਵਾਤਾਵਰਨ ਬਚਾਉਣ ਲਈ ਵੱਖ ਵੱਖ ਸਮਿਆਂ ਤੇ ਉਪਰਾਲੇ ਕੀਤੇ ਜਾਂਦੇ ਹਨ ਅਤੇ ਵਾਤਾਵਰਨ ਬਚਾਓ, ਬੇਟੀ ਬਚਾਓ ਮੁਹਿੰਮ ਅਧੀਨ ਜਾਗ੍ਰਿਤੀ ਕੈਂਪ ਵੀ ਲਗਾਏ ਜਾਂਦੇ ਹਨ। ਪਰ ਜਦੋਂ ਤਕ ਕਿਸਾਨ ਵੀਰਾਂ ਵਲੋਂ ਖੇਤਾਂ ਵਿੱਚ ਕਣਕ ਦੀ ਨਾੜ ਨੂੰ ਅਤੇ ਝੋਨੇ ਦੇ ਸੀਜ਼ਨ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਜਾਂਦੀ ਹੈ ਤਾਂ ਸਾਡੀ ਸੁਸਾਇਟੀ ਅਤੇ ਹੋਰ ਸਮਜਿਕ ਸੰਸਥਾਵਾਂ ਵਲੋਂ ਵਾਤਾਵਰਨ ਬਚਾਉਣ ਲਈ ਕੀਤੇ ਜਾ ਰਹੇ ਉਪਰਾਲੇ ਧਰੇ ਦੇ ਧਰੇ ਰਹਿ ਜਾਂਦੇ ਹਨ। ਉਹਨਾਂ ਕਿਹਾ ਕਿ ਖੇਤਾਂ ਵਿੱਚ ਅੱਗ ਲਾਉਣ ਨਾਲ ਸਾਡੀ ਜਮੀਨ ਵਿੱਚ ਜਿਹੜੇ ਮਿੱਤਰ ਜੀਵ ਹੁੰਦੇ ਹਨ, ਜੋ ਕਿ ਸਾਡੇ ਖੇਤਾਂ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਵਿੱਚ ਮਦਦਗਾਰ ਹੁੰਦੇ ਹਨ, ਉਹ ਵੀ ਜਲ ਕੇ ਨਸ਼ਟ ਹੋ ਜਾਂਦੇ ਹਨ। ਇਸ ਲਈ ਸਾਨੂੰ ਉਹਨਾ ਨੂੰ ਬਚਾਉਣ ਲਈ ਖੇਤਾਂ ਵਿੱਚ ਅੱਗ ਲਾਉਣ ਤੋ ਗੁਰੇਜ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਪ੍ਰੈਸ ਦੇ ਮਾਧਿਅਮ ਰਾਹੀਂ ਕਿਸਾਨ ਭਰਾਵਾਂ ਅਤੇ ਸੂਬਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਖੇਤਾਂ ਵਿੱਚ ਕਣਕ ਦੀ ਨਾੜ ਨੂੰ ਅੱਗ ਲਾਉਣ ਅਤੇ ਫ਼ਸਲਾਂ ਵਿੱਚ ਖਾਦਾਂ ਅਤੇ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਤੇ ਸਖ਼ਤੀ ਨਾਲ ਪਾਬੰਦੀ ਲਾਈ ਜਾਵੇ ਤਾਂ ਜੋ ਸਾਡੇ ਆਲੇ ਦੁਆਲੇ ਦਾ ਵਾਤਾਵਰਨ ਸਾਫ ਸੁਥਰਾ ਅਤੇ ਸਿਹਤਮੰਦ ਬਣਿਆ ਰਹੇ ।

# ਐਡਵੋਕੇਟ ਘਈ ਨੂੰ ਜਿਲਾ ਪ੍ਰਧਾਨ ਲਗਾਉਣਾ ਸਲਾਘਾਯੋਗ : ਗੋਲਡੀ ਪੁਰਖਾਲੀ

**ਰੋਪੜ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜਿਲਾ ਰੋਪੜ ਦੇ ਸਾਬਕਾ ਜਿਲਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਐਡਵੋਕੇਟ ਚਰਨਜੀਤ ਸਿੰਘ ਘਈ ਜੀ ਦੀ ਬਤੌਰ ਜਿਲਾ ਪ੍ਰਧਾਨ ਨਿਯੁਕਤੀ ਕੀਰਤੀਮਾਨ ਸਾਬਤ ਹੋਵੇਗੀ। ਕਿਉ ਕਿ ਐਡਵੋਕੇਟ ਚਰਨਜੀਤ ਸਿੰਘ ਘਈ ਬਹੁਤ ਪੜੇ ਲਿਖੇ ਸੀਨੀਅਰ ਵਕੀਲ ਅਤੇ ਉਸਾਰੂ ਸੋਚ ਦੇ ਮਾਲਕ ਹਨ। ਪੂਰਾ ਰੋਪੜ ਜਿਲਾ ਸਮੁੱਚੇ ਵਰਕਰ ਅਤੇ ਲੀਡਰਸ਼ਿਪ ਉਨਾ ਦੀ ਇਸ ਨਿਯੁਕਤੀ ਤੋਂ ਬਾਗੋ ਬਾਗ ਹਨ। ਰੋਪੜ ਦੀ ਵਿਧਾਨ ਸਭਾ ਸੀਟ ਲਈ ਵੀ ਮਾਨਯੋਗ ਘਈ ਸਾਹਿਬ ਹੀ ਯੋਗ ਉਮੀਦਵਾਰ ਹਨ। ਬਸਪਾ ਰੋਪੜ ਦੀ ਸਮੁੱਚੀ ਟੀਮ ਨੂੰ 2027 ਦੀ ਇਲੈਕਸ਼ਨ ਲਈ ਹੁਣ ਤੋ ਹੀ ਮਾਨਯੋਗ ਘਈ ਸਾਹਿਬ ਦੇ ਹੱਕ ਵਿੱਚ ਝੰਡਾ ਚੁੱਕ ਲੈਣਾ ਚਾਹੀਦਾ ਹੈ।



## ਲੋਕਾਂ ਦੇ ਆਪਣੇ ਰਾਜ ਵਿੱਚ

ਇੱਕਨਾਂ ਦੇ ਬੱਚਿਆਂ ਦੇ ਹਿੱਸੇ ,
ਰੁੱਖੀਆਂ ਰੋਟੀਆਂ ਆਈਆਂ ।
ਇੱਕਨਾਂ ਦੇ ਕੁੱਤਿਆਂ ਦੇ ਅੱਗੇ ,
ਰੁਲ਼ਦੀਆਂ ਨੇ ਮਠਿਆਈਆਂ ।
ਹਾਕਮ ਕਹਿੰਦੇ ਲੋਕਰਾਜ ਵਿੱਚ ,
ਸਭਨਾਂ ਦੇ ਹੱਕ ਬਰਾਬਰ ਹਨ ;
ਪਰ ਤਕੜੇ ਨੇ ਮਾੜੂਆਂ ਦੀਆਂ ,
ਸੱਧਰਾਂ ਨੇ ਮਾਰ ਮੁਕਾਈਆਂ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## .ਗਜ਼ਲ



ਨਾ ਰੋਟੀ, ਨਾ ਕੱਪੜਾ, ਨਾ ਘਰ ਹੁੰਦੇ ਨੇ।
ਅੱਤਵਾਦੀ ਵੀ ਤਾਂ ਹੀ ਅਕਸਰ ਹੁੰਦੇ ਨੇ।
ਹੋਵੇ ਨਾ ਜੇ ਅੱਖ ’ਚ ਕਾਣ ਹਕੂਮਤ ਦੇ,
ਫਿਰ ਹੀ ਸਾਰੇ ਲੋਕ ਬਰਾਬਰ ਹੁੰਦੇ ਨੇ।
ਰੱਬ ਦਿਖਾਈ ਦਿੰਦੇ ਸ਼ਰਧਾਵਾਨਾਂ ਨੂੰ,
ਹੋਰਾਂ ਖਾਤਰ ਤਾਂ ਬਸ ਪੱਥਰ ਹੁੰਦੇ ਨੇ।
ਠੱਗੀ-ਠੋਰੀ ਚੱਲਦੀ ਬਹੁਤੀ ਦੇਰ ਨਹੀਂ,
ਚੋਰੀ ਦੇ ਪੁੱਤ ਕਿੱਥੇ ਚੋਬਰ ਹੁੰਦੇ ਨੇ।
ਮਿਲ ਜਾਂਦੇ ਨੇ ਯਾਰ ਬਥੇਰੇ ਗਰਜਾਂ ਦੇ,
ਦੁੱਖ ’ਚ ਤਾਂ ਵਿਰਲੇ ਹੀ ਹਾਜ਼ਰ ਹੁੰਦੇ ਨੇ।
ਤੀਆਂ ਵਰਗਾ ਜਾਪੇ ਫੇਰ ਬੁਢਾਪਾ ਵੀ,
ਕਹਿਣੇ ਵਿੱਚ ਜੇ ਧੀਆਂ-ਪੁੱਤਰ ਹੁੰਦੇ ਨੇ।
ਜੱਗ ’ਚ ਪੈਂਦੈ ਮੁੱਲ ਤਦੇ ਹੀ ਬੰਦੇ ਦਾ,
‘ਜ਼ਖ਼ਮੀ’ ਪੱਲੇ ਜੇ ਦੋ ਅੱਖਰ ਹੁੰਦੇ ਨੇ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਅੱਜ ਦੀ ਗੱਲ ਰੁਬਾਈ ਵਿੱਚ

ਚੜਦੇ ਜਹਾਜ਼ ਨਿਤ ਝੂਠ ਵਾਲੇ
ਹੁੰਦੇ ਸਰਜੀਕਲ ਅਟੈਕ ਝੂਠੇ
ਰਾਤੋ ਰਾਤ ਫੈਲੇ ਅੱਤਵਾਦ ਝੂਠਾ
ਝੂਠ ਤੇ ਕਰਨ ਸ਼ਿਕਾਇਤ ਝੂਠੇ
ਕੋਈ ਝੂਠ ਬਰੋਬਰ ਝੂਠ ਬੋਲੇ
ਕੋਈ ਝੂਠ ਦੀ ਕਰਨ ਹਮਾਇਤ ਝੂਠੇ
ਨਿਕਲ ਕੇ ਝੂਠ ਦੇ ਗਟਰ ਵਿੱਚੋਂ
ਕਈ ਲੈਕਚਰ ਕਰਨ ਨਿਹਾਇਤ ਝੂਠੇ
ਖੁਦ ਮਾਰਦੇ ਵਤਨ ਦੀ ਫੌਜੀਆਂ ਨੂੰ
ਨਾਮ ਕਿਸੇ ਦਾ ਕਾਰਨ ਬਦਨਾਮ ਝੂਠੇ
ਰਾਜਨੀਤੀ ਵੋਟਾਂ ਦੀ ਕਰਨ ਝੂਠੇ
ਖਾ ਕੇ ਵਤਨ ਦਾ ਕਰਨ ਹਰਾਮ ਝੂਠੇ
ਝੂਠੇ ਝੂਠ ਦੀ ਸ਼ੁੱਧ ਅਫੀਮ ਖਾਂਦੇ
ਝੂਠ ਦੇ ਹੀ ਪੀਂਦੇ ਨੇ ਜਾਮ ਝੂਠੇ
ਦੇਸ਼ ਭਗਤੋ ! ਝੂਠ ਤੇ ਜ਼ੋਰ ਉਤੇ
ਵਤਨ ਨੂੰ ਵੀ ਕਰਨ ਗੁਲਾਮ ਝੂਠੇ

**ਮੇਜਰ ਸਿੰਘ ਤੱਖੀ (ਤੱਖਰਾਂ)**

## .ਗਜ਼ਲ

ਉਤਰ ਜਾਣੈ ਦੁਸ਼ਮਣਾਂ ਦੇ, ਚਿਹਰਿਓ ਨਾਕਾਬ ਦੇਖੀਂ
ਜੰਗ ਤੋਂ ਬਾਅਦ ਵਸੂ ਪੰਜਾਬ, ਹੋ ਆਬਾਦ ਦੇਖੀਂ

ਖ਼ਾਕ ਜਿਸ ਨੂੰ ਕਰਨ ਦੀ ਸੋਚੀ, ਹਕੂਮਤ ਦੇਸ਼ ਦੀ ਨੇ
ਓਸ ਹੀ ਪੰਜਾਬ ਤੇ ਫਿਰ , ਮਹਿਕਦੇ ਗੁਲਾਬ ਦੇਖੀਂ

ਮੌਤ ਤੋਂ ਹੀ ਜਿੰਦਗੀ ਖੋਹ, ਜੀਅ ਰਿਹੈ ਪੰਜਾਬ ਹੁਣ ਤਾਂ
ਦੇ ਸ਼ਹਾਦਤ ਸ਼ੁਕਰ ਕਰਦੀ, ਰੂਹ ਦੀ ਰਾਬਾਬ ਦੇਖੀਂ

ਅਣਖ ਇਸਦੇ ਖ਼ੂਨ ਵਿੱਚ ਹੈ, ਤੇਜ਼ ਬਾਣੀ ਬਖਸ਼ਦੀ ਹੈ
ਕਿੰਝ ਮੁੜ ਵੰਗਾਰਦੇ ਪੰਜਾਬ ਦੇ, ਮਹਿਤਾਬ ਦੇਖੀਂ

ਮੰਨਦਾਂ ਬਰਬਾਦ ਕਰਦੀ, ਜੰਗ ਅਕਸਰ ਨਾਸ਼ ਕਰਦੀ
ਮਲਬਿਆਂ ਦੇ ਢੇਰ'ਤੇ ਫੁੱਲ਼ , ਟਹਿਕਦੇ ਬੇ-ਹਿਸਾਬ ਦੇਖੀਂ

ਖ਼ੈਰ ਜਦ ਪੰਜਾਬ ਦੀ ਮੰਗਾਂ, ਤਾਂ ਤੇਰੀ ਮੰਗਦਾਂ ਮੈਂ
ਇੱਕ ਹੀ ਮਾਂ , ਜੰਮੇ ਜੌੜੇ, ਰੱਤ ਤੂੰ ਟੋਹ ਨਾਬ ਦੇਖੀ (ਨਾਭ

ਹੇਕ ਲਹਿੰਦੇ ਤੋਂ ਜਦੋਂ ਆਉਣੀ, ਕਹੇਗਾ ਵਾਹ ਚੜ੍ਹਦਾ
ਹੀਰ, ਸੱਸੀ, ਸਾਹਿਬਾਂ ਦਾ, ਰੇਤਗੜ੍ਹ ਸੁਣ ਕਾਵਿ-ਦੇਖੀਂ।

**ਬਲਜਿੰਦਰ ਸਿੰਘ "**
**ਬਾਲੀ ਰੇਤਗੜ੍ਹ "**
919465129168



## ਸ਼ਰਾਬੀ

ਘਰਵਾਲੀ ਤਾਂ ਰੁੱਸ ਹੀ ਰੁੱਸ,,,,
ਜਦੋ ਘਰ ਪੂਰੀ ਨਹੀਂ ਪੈਣੀਂ ,,,,,
ਤੜਕੇ ਉੱਠ ਕੇ ਕੰਮ ਤੇ ਜਾਣਾ,,,
ਆਉਂਦਿਆਂ ਹੀ ਪੀ ਲੈਣੀ,,,,,,,,
ਫਿਰ ਕਿਸੇ ਦੀ ਗੱਲ ਨਹੀਂ ਸੁਣਨੀ
ਆਪਣੀ ਰੱਖਣੀ ਮੂਹਰੇ,,,,,,,,,
ਬੇਬੇ ਬਾਪੂ ਘਰਵਾਲੀ ਬੱਚਿਆਂ
ਤਾਈਂ ਘੂਰੇ,,,,,,,,,,,
ਆਪ ਜ਼ੋ ਮਰਜ਼ੀ ਆਖੀਂ ਜਾਵੇ,,,,,
ਨਹੀਂ ਕਿਸੇ ਦੀ ਸਹਿਣੀ
ਤੜਕੇ ਉੱਠ ਕੇ ਕੰਮ ਤੇ ਜਾਣਾ,,,,,
ਸ਼ਾਮਾਂ ਨੂੰ ਦਾਰੂ ਪੀ ਲੈਣੀ,,,,,,,
ਜ਼ੋ ਮਰਜ਼ੀ ਘਰ ਵਿਚ ਹੁੰਦਾ ਹੋਵੇ,,
ਨਹੀਂ ਦੁੱਖ ਵੇਲੇ ਖੜਨਾ
ਮਰਗ ਹੋ ਜਾਵੇ ਭਾਵੇਂ ਪਿੰਡ ਵਿੱਚ,,,
ਅਫਸੋਸ ਤੱਕ ਨਹੀਂ ਕਰਨਾ
ਮੈ ਥੱਕਿਆ ਹੋਇਆ ਕੰਮ ਤੋ ਆਇਆ
ਇੱਕੋ ਗੱਲ ਬੱਸ ਕਹਿਣੀ
ਤੜਕੇ ਉੱਠ ਕੇ ਕੰਮ ਤੇ ਜਾਣਾ,,,,,,,
ਸ਼ਾਮਾਂ ਨੂੰ ਦਾਰੂ ਪੀ ਲੈਣੀ,,,,,,,
ਲੋਕੀ ਆਖਣ ਬਾਹਲਾ ਚੰਗਾ,
ਘਰਦੇ ਆਖਣ ਕਬੈੜਾ
ਗੁਰਮੀਤ ਡੁਮਾਣੇ ਵਾਲਿਆ ਛੱਡਦੇ
ਹੁਣ ਦਾਰੂ ਦਾ ਖਹਿੜਾ
ਕਲਾਂ ਕਲੇਸ਼ ਨਹੀਂ ਚੰਗੀ ਹੁੰਦੀ ਨਾ
ਘਰ ਬਰਕਤ ਰਹਿਣੀ
ਤੜਕੇ ਉੱਠ ਕੇ ਕੰਮ ਤੇ ਜਾਣਾ,,,,,
ਆਉਂਦਿਆਂ ਹੀ ਪੀ ਲੈਣੀ,,,,,



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**
**76528 16074**




# ਸਿਰਲੇਖ: ਮੇਰੀ ਕਹਾਣੀ - ਰੋੜ੍ਹ ਤੋਂ ਕਰੋੜਪਤੀ ਬਣਨ ਦੀ (ਭਾਗ-3)

ਤੰਬੂਆਂ ਵਿੱਚ ਰਹਿਣ ਵਾਲੇ ਸਾਰੇ ਪੰਜਾਬੀ ਟਮਾਟਰਾਂ ਦਾ ਜਾਂ ਸੇਬਾਂ ਦਾ ਕੰਮ ਕਰਦੇ ਸਨ ਪਰ ਜੋ ਅਸੀਂ ਨਵੇਂ ਆਏ ਸੀ ਸਾਡੇ ਕੋਲ ਕੰਮ ਨਹੀਂ ਸੀ । ਕੁੱਝ ਦਿਨ ਉਡੀਕ ਕੀਤੀ ਤਾਂ ਮੈਂ ਆਪਣੇ ਦੋਸਤ ਨੂੰ ਆਖਿਆ ਕਿ ਅਸੀਂ ਇਥੇ ਵਿਹਲੇ ਰਹਿਣ ਨਹੀਂ ਆਏ । ਕਿਤੇ ਹਿੰਮਤ ਕਰਕੇ ਸਾਡੇ ਲਈ ਵੀ ਕੰਮ ਲੱਭ ਦੇ । ਅਸੀਂ ਤਾਂ ਬਿਨਾਂ ਅੰਗਰੇਜ਼ੀ ਅਤੇ ਕਾਰ ਤੋਂ ਕੁੱਝ ਕਰ ਵੀ ਨਹੀਂ ਸਕਦੇ । ਉਸ ਦੋਸਤ ਦੀ ਮੈਂ ਇੰਡੀਆ ਵਿੱਚ ਆਰਥਿਕ ਪੱਖੋਂ ਬਹੁਤ ਮੱਦਦ ਕੀਤੀ ਸੀ । ਉਹ ਮੇਰੀ ਪ੍ਰਿੰਟਿੰਗ ਪ੍ਰੈੱਸ ਵਿੱਚ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੁੰਦਾ ਸੀ । ਮੈਂ ਉਸ ਤੋਂ ਕਦੇ ਕੋਈ ਕਿਰਾਇਆ ਜਾਂ ਬਿਜਲੀ ਦਾ ਬਿੱਲ ਵੀ ਨਹੀਂ ਲਿਆ ਸੀ ਅਤੇ ਮੈਥੋਂ ਕਰਵਾਈ ਪ੍ਰਿੰਟਿੰਗ ਦੇ ਵੀ ਉਸ ਨੇ ਹਜ਼ਾਰਾਂ ਰੁਪਏ ਅਜੇ ਮੈਨੂੰ ਦੇਣੇ ਸਨ । ਅੱਜ ਉਸ ਦੀ ਮੈਨੂੰ ਲੋੜ ਪਈ ਸੀ ਤਾਂ ਉਹ ਇਹ ਸਭ ਕੁੱਝ ਭੁੱਲ ਗਿਆ ਸੀ । ਉਹ ਆਖਣ ਲੱਗਾ ਕਿ ਜੇ ਮੈਂ ਤੁਹਾਡੇ ਲਈ ਕੰਮ ਲੱਭਣ ਜਾਵਾਂਗਾ ਤਾਂ ਮੇਰੀ ਦਿਹਾੜੀ ਮਰ ਜਾਵੇਗੀ ਅਤੇ ਇੱਕ ਵਿਅਕਤੀ ਕਾਰ ਵਾਲਾ ਜੋ ਨਾਲ ਜਾਵੇਗਾ ਉਸ ਦੀ ਵੀ ਦਿਹਾੜੀ ਮਰ ਜਾਵੇਗੀ । ਮੈਂ ਆਖਿਆ ਤੁਸੀਂ ਕੰਮ ਲੱਭੋ ਅਸੀਂ ਦੋ ਜਣੇ ਤੁਹਾਡੀ ਜਗ੍ਹਾ ਕੰਮ ਕਰਾਂਗੇ ਅਤੇ ਪੈਸੇ ਤੁਸੀਂ ਰੱਖ ਲਿਓਂ । ਇਸ ਤਰਾਂ ਮੇਰਾ ਦੋਸਤ ਤੇ ਇੱਕ ਹੋਰ ਕਾਰ ਡਰਾਈਵਰ ਰੋਜ਼ ਕੰਮ ਲੱਭਣ ਚਲੇ ਜਾਂਦੇ ਅਤੇ ਅਸੀਂ ਮੁਫ਼ਤ ਕੰਮ ਉਨ੍ਹਾਂ ਦੀ ਜਗ੍ਹਾ ਕਰਦੇ । ਉਹ ਹਰ ਰੋਜ਼ ਆਖ ਦਿੰਦੇ ਕਿ ਕੰਮ ਅਜੇ ਲੱਭਾ ਨਹੀਂ । ਤਿੰਨ ਕੁ ਦਿਨ ਬਾਦ ਅਜੇ ਕੰਮ ਤੇ ਗਿਆਂ ਨੂੰ ਦੋ ਕੁ ਘੰਟੇ ਹੀ ਹੋਏ ਹੋਣਗੇ ਕਿ ਟਮਾਟਰਾਂ ਵਾਲੀ ਮਸ਼ੀਨ ਨੂੰ ਅੱਗ ਲੱਗ ਗਈ ਅਤੇ ਸਾਨੂੰ ਘਰ ਜਾਣ ਲਈ ਕਿਹਾ ਗਿਆ । ਜਦੋਂ ਅਸੀਂ ਤੰਬੂ ਵਿੱਚ ਪਹੁੰਚੇ ਤਾਂ ਮੇਰਾ ਦੋਸਤ ਅਤੇ ਡਰਾਈਵਰ ਤੰਬੂ ਵਿੱਚ ਸੁੱਤੇ ਪਏ ਸਨ । ਸਾਨੂੰ ਪਤਾ ਲੱਗਾ ਕਿ ਸਾਡੇ ਨਾਲ ਧੋਖਾ ਹੋ ਰਿਹਾ ਹੈ । ਅਸਲ ਵਿੱਚ ਉਨ੍ਹਾਂ ਨੂੰ ਸਾਡੇ ਵਾਸਤੇ ਸੇਬ ਤੋੜਨ ਦਾ ਕੰਮ ਮਿਲ ਵੀ ਗਿਆ ਸੀ ਪਰ ਉਨ੍ਹਾਂ ਨੇ ਸੋਚਿਆ ਕਿ ਟਮਾਟਰਾਂ ਦਾ ਕੰਮ ਦੋ ਹਫਤਿਆਂ ਤੱਕ ਮੁੱਕ ਜਾਣਾ ਹੈ । ਇਸ ਤੋਂ ਬਾਦ ਸੇਬਾਂ ਦਾ ਕੰਮ ਵੀ ਖੁਦ ਹੀ ਕਰ ਲੈਣਗੇ । ਸੇਬਾਂ ਵਾਲੇ ਗੋਰੇ ਨੂੰ ਕਾਮੇ ਛੇਤੀ ਚਾਹੀਦੇ ਸਨ । ਉਸ ਨੇ ਫੋਨ ਕੀਤਾ ਕਿ ਜਾਂ ਤਾਂ ਛੇਤੀਂ ਕੰਮ ਸ਼ੁਰੂ ਕਰ ਲਵੋ ਨਹੀਂ ਤਾਂ ਉਹ ਹੋਰ ਕਾਮੇ ਲੱਭ ਲਵੇਗਾ । ਮਜ਼ਬੂਰੀ ਕਾਰਣ ਉਨ੍ਹਾਂ ਨੇ ਸਾਨੂੰ ਸੇਬ ਤੋੜਨ ਲਈ ਭੇਜ ਦਿੱਤਾ । ਉਨ੍ਹਾਂ ਨੂੰ ਆਸ ਸੀ ਕਿ ਸੇਬਾਂ ਦੇ ਕੰਮ ਤੇ ਪੈਸੇ ਜਿਆਦਾ ਬਣਨੇ ਹਨ ਅਤੇ ਟਮਾਟਰਾਂ ਤੇ ਘੱਟ ਕਿਉਂਕਿ ਟਮਾਟਰ ਠੇਕੇ ਤੇ ਟੁੱਟਦੇ ਸਨ । ਉਹ ਸਾਨੂੰ ਆਖਣ ਲੱਗੇ ਕਿ ਕੰਮ ਤੁਸੀਂ ਸੇਬਾਂ ਦਾ ਕਰੋ ਪਰ ਪੈਸੇ ਤੁਹਾਨੂੰ ਟਮਾਟਰਾਂ ਦੇ ਮਿਲਣਗੇ । ਭਾਵ ਹਫ਼ਤੇ ਦੇ ਅਖੀਰ ਵਿੱਚ ਤਨਖਾਹ ਵਟਾਉਣੀ ਪਵੇਗੀ । ਸਾਡੀ ਮਜ਼ਬੂਰੀ ਹੋਣ ਕਾਰਣ ਅਸੀਂ ਇਸ ਤਰਾਂ ਵੀ ਮੰਨ ਗਏ । ਹਫ਼ਤੇ ਦੇ ਅਖੀਰ ਵਿੱਚ ਜਦੋਂ ਪੈਸੇ ਵਟਾਉਣੇ ਸਨ ਤਾਂ ਸਾਡੇ ਸੇਬਾਂ ਦੇ ਕੰਮ ਦੇ ਪੈਸੇ ਟਮਾਟਰਾਂ ਨਾਲੋਂ ਘਟ ਗਏ । ਫਿਰ ਕਹਿਣ ਲੱਗੇ ਕਿ ਹੁਣ ਪੈਸੇ ਵਟਾਉਣੇ ਨਹੀਂ ਹਨ । ਇਸ ਤਰਾਂ ਦੀਆਂ ਠਗੀਆਂ ਸਾਡੇ ਨਾਲ ਕਈ ਵਾਰ ਹੋਈਆਂ ।

ਸੰਨ 1990 ਵਿੱਚ ਮੈਂ ਨਿਊਜ਼ੀਲੈਂਡ ਦਾ ਡਰਾਈਵਿੰਗ ਲਾਇਸੈਂਸ ਲੈ ਲਿਆ ਅਤੇ ਕਾਰ ਖਰੀਦ ਕੇ ਸਿੱਖ ਵੀ ਲਈ । ਕੰਮ ਲੱਭਣ ਵਾਸਤੇ ਮੁਲਕ ਦੇ ਵੱਖ ਵੱਖ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ । ਇੱਕ ਵਾਰ ਸਾਡਾ ਕੰਮ ਔਕਲੈਂਡ ਖਤਮ ਹੋ ਗਿਆ । ਅਸੀਂ ਤਿੰਨ ਜਣੇ ਇੱਕ ਕਾਰ ਵਿੱਚ ਆਪਣੇ ਭਾਂਡੇ ਤੇ ਬਿਸਤਰੇ ਰੱਖ ਕੇ ਕੰਮ ਲੱਭਣ ਤੁਰ ਪਏ । ਔਕਲੈਂਡ ਤੋਂ ਸਵੇਰੇ 6 ਵਜੇ ਤੁਰੇ ਅਤੇ ਗਿਸਬੋਰਨ ਸ਼ਹਿਰ ਵਿੱਚ ਅਸੀਂ ਸ਼ਾਮ 6 ਵਜੇ ਪਹੁੰਚੇ । ਰਾਹ ਵਿੱਚ ਸਾਨੂੰ ਕਿਤੇ ਕੰਮ ਨਹੀਂ ਮਿਲਿਆ । ਇਸ ਕਰਕੇ ਥਾਂ ਥਾਂ ਕੰਮ ਪੁੱਛਣ ਕਾਰਣ 6 ਘੰਟੇ ਦਾ ਸਫ਼ਰ 12 ਘੰਟਿਆਂ ਵਿੱਚ ਪੂਰਾ ਕਰ ਸਕੇ । ਗਿਸਬੋਰਨ ਜਾ ਕੇ ਸੰਤਰੇ ਤੋੜਨ ਦਾ ਕੰਮ ਮਿਲ ਗਿਆ ਪਰ ਰਿਹਾਇਸ਼ ਨਾ ਮਿਲਣ ਕਾਰਣ ਅਸੀਂ ਤਿੰਨ ਜਣੇ ਰਾਤ ਨੂੰ ਕਾਰ ਵਿੱਚ ਸੌਂਦੇ ਰਹੇ । ਰੋਜ਼ਾਨਾ ਸਾਨੂੰ ਇਕੱਲੇ ਇਕੱਲੇ ਨੂੰ 120 ਡਾਲਰ ਮਿਲਦੇ ਸਨ । ਕੁੱਝ ਦਿਨਾਂ ਬਾਦ ਸਾਨੂੰ ਉਥੇ ਹਾਈ ਵੇ ਮੋਟਲ ਵਿੱਚ ਰਿਹਾਇਸ਼ ਮਿਲ ਗਈ ਜਿੱਥੇ ਇੱਕ ਵਿਅਕਤੀ ਦਾ ਇੱਕ ਦਿਨ ਦਾ 30 ਡਾਲਰ ਖਰਚਾ ਸੀ ਲ ਖਾਣ ਦੇ ਤਾਂ ਰੋਜ਼ਾਨਾ 10 ਕੁ ਡਾਲਰ ਹੀ ਲਗਦੇ ਸਨ ਲ ਸਾਨੂੰ 80 ਕੁ ਡਾਲਰ ਇਕੱਲੇ ਇਕੱਲੇ ਨੂੰ ਬਚ ਜਾਂਦੇ । ਨਿਊਜ਼ੀਲੈਂਡ ਵਿੱਚ ਮੇਰਾ ਅੱਠ ਵਾਰ ਪੱਕੇ ਹੋਣ ਵਾਲਾ ਕੇਸ ਫੇਲ੍ਹ ਹੋਇਆ । ਇਹ ਪੱਕੇ ਹੋਣ ਦੀ ਲੜਾਈ ਮੈਂ 10 ਸਾਲ ਓਵਰਸਟੇ ਰਹਿ ਕੇ ਇਮੀਗ੍ਰੇਸ਼ਨ ਨਾਲ ਲੜੀ ਜਿਸ ਵਿੱਚ ਕਾਮਯਾਬ ਨਹੀਂ ਹੋ ਸਕਿਆ । ਦੋ ਵਾਰ ਇਮੀਗ੍ਰੇਸ਼ਨ ਮਨਿਸਟਰ ਨੇ ਵੀ ਕੇਸ ਫੇਲ੍ਹ ਕੀਤਾ । ਇਸ ਦੌਰਾਨ ਮੈਂ ਓਵਰਸਟੇ ਹੁੰਦਿਆਂ ਤਕਰੀਬਨ ਨਿਊਜ਼ੀਲੈਂਡ ਵਿੱਚ ਪੈਦਾ ਹੁੰਦੇ ਸਾਰੇ ਫਲਾਂ ਅਤੇ ਸਬਜ਼ੀਆਂ ਦੇ ਕੰਮ ਕੀਤੇ, ਬੱਚਿਆਂ ਦੇ ਖਿਡਾਉਣੇ ਵੇਚੇ, ਗੱਡੀਆਂ ਦੇ ਤੇਲ ਫਿਲਟਰ ਵੇਚੇ ਅਤੇ ਬਦਲੇ, ਗੱਡੀਆਂ ਦੀ ਪੈਨਲ ਬੀਟਿੰਗ ਕੀਤੀ, ਗੱਡੀਆਂ ਨੂੰ ਪਏ ਜੰਗਾਲ ਦੀ ਮੁਰੰਮਤ, ਪੇਂਟ ਕਰਕੇ ਗੱਡੀਆਂ ਵੇਚੀਆਂ, ਘਰਾਂ ਵਿੱਚ ਘਾਹ ਕੱਟਣ ਦਾ ਕੰਮ ਕੀਤਾ, ਫੋਰਕ ਲਿਫਟ ਡਰਾਈਵਿੰਗ, ਟਰੈਕਟਰ ਡਰਾਈਵਿੰਗ, ਹਾਈਡਰਾਲੈਡਾ ਅਪ੍ਰੇਟ ਕੀਤੀ ਅਤੇ ਭਾਰਤੀ ਲੇਡੀਜ਼ ਫੈਸ਼ਨ ਵੇਚਿਆ । ਇਮੀਗ੍ਰੇਸ਼ਨ ਵਲੋਂ ਫੜੇ ਜਾਣ ਦਾ ਡਰ ਸਾਨੂੰ ਦਿਨ ਰਾਤ ਸਤਾਉਂਦਾ ਰਹਿੰਦਾ । ਕਈ ਵਾਰ ਇਮੀਗ੍ਰੇਸ਼ਨ ਵਲੋਂ ਪਏ ਛਾਪੇ ਦੌਰਾਨ ਮੈਨੂੰ ਦੌੜ ਕੇ ਬਚਾ ਕਰਨਾ ਪਿਆ । ਕਈ ਵਾਰ ਰਾਤਾਂ ਨੂੰ ਘਰਾਂ ਵਿੱਚ ਵੀ ਛਾਪੇ ਪੈਂਦੇ ਸਨ । ਬਹੁਤ ਵਾਰ ਮੈਂ ਰਾਤਾਂ ਸੜਕਾਂ ਦੇ ਕਿਨਾਰਿਆਂ ਤੇ ਕੱਟੀਆਂ ਅਤੇ ਕਈ ਵਾਰੀ ਸੜਕਾਂ ਕੰਢੇ ਬਣੇ ਰੈਸਟ ਏਰੀਏ ਵਿੱਚ ਰਾਤਾਂ ਕੱਟੀਆਂ ।



ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
ਜੱਦੀ ਪਿੰਡ
ਖੁਰਦਪੁਰ (ਜਲੰਧਰ)
006421392147

ਬਾਦ ਵਿੱਚ ਮੈਰੀਮੈਰੀ ਪਿੰਡ ਵਿੱਚ ਅਸੀਂ 125 ਦੇ ਕਰੀਬ ਪੰਜਾਬੀ ਇੱਕ ਕਿਲੋਮੀਟਰ ਦੇ ਇਲਾਕੇ ਵਿੱਚ ਵੱਖ ਵੱਖ ਘਰਾਂ ਵਿੱਚ ਰਹਿੰਦੇ ਸੀ । ਚਾਰ ਪੰਜ ਜਣਿਆਂ ਨੂੰ ਛੱਡ ਕੇ ਸਾਰੇ ਦੇ ਸਾਰੇ ਹੀ ਕੱਚੇ ਵਿਅਕਤੀ ਸਨ । ਸਭ ਵੱਖ ਵੱਖ ਧਰਮਾਂ ਅਤੇ ਜਾਤਾਂ ਨਾਲ ਸਬੰਧਤ ਸਨ, ਕੋਈ ਨਸ਼ੇ ਕਰਦਾ ਸੀ ਅਤੇ ਬਹੁਤ ਥੋੜ੍ਹੇ ਸੋਫੀ ਸਨ । ਇਸ ਦੇ ਬਾਵਯੂਦ ਇਨ੍ਹਾਂ ਵਿੱਚ ਕਦੇ ਲੜਾਈ ਝਗੜਾ ਨਹੀਂ ਹੋਇਆ ਸੀ । ਇਨ੍ਹਾਂ ਸਾਰਿਆਂ ਦੀ ਇੱਕ ਗੱਲ ਸਾਂਝੀ ਸੀ ਕਿ ਸਾਰੇ ਦੇ ਸਾਰੇ ਆਰਥਿਕ ਪੱਖੋਂ ਕਮਜ਼ੋਰ ਸਨ ਜਾਂ ਕਿਹਾ ਜਾ ਸਕਦਾ ਕਿ ਵੱਡੀ ਗਿਣਤੀ ਰੋਟੀ ਪੱਖੋਂ ਤੰਗ ਸੀ ਲ ਸ਼ਾਇਦ ਇਸੇ ਕਰਕੇ ਹੀ ਆਪਸ ਵਿੱਚ ਲੜਾਈ ਝਗੜਾ ਜਾਂ ਭੇਦ ਭਾਵ ਨਹੀਂ ਕਰਦੇ ਸਨ ਲ ਇਨ੍ਹਾਂ 125 ਦੇ ਕਰੀਬ ਪੰਜਾਬੀਆਂ ਵਿੱਚੋਂ ਤਕਰੀਬਨ ਸਾਰੇ ਓਵਰਸਟੇ ਵਿਅਕਤੀਆਂ ਨੂੰ ਇਮੀਗ੍ਰੇਸ਼ਨ ਨੇ ਫੜ ਕੇ ਰਿਮੂਵਲ ਆਰਡਰ ਦੇ ਦਿੱਤੇ ਸਨ ਪਰ ਮੈਂ ਇਕੱਲਾ ਹੀ ਨੱਠ ਭੱਜ ਕੇ ਬਚ ਗਿਆ ਸੀ । ਏਨੇ ਵਿਅਕਤੀਆਂ ਵਿੱਚ ਅੰਗਰੇਜ਼ੀ ਲਿਖਣ ਦੀ ਮੁਹਾਰਤ ਕਿਸੇ ਕੋਲ ਨਹੀਂ ਸੀ । ਸਿਰਫ ਦੋ ਤਿੰਨ ਜਣੇ ਹੀ ਥੋੜ੍ਹੀ ਅੰਗਰੇਜ਼ੀ ਬੋਲ ਲੈਂਦੇ ਸਨ ਪਰ ਲਿਖ ਨਹੀਂ ਸਕਦੇ ਸਨ । ਇਸ ਕਰਕੇ ਤਕਰੀਬਨ ਰੋਜ਼ਾਨਾ ਹੀ ਮੇਰੇ ਕੋਲ ਕੋਈ ਨਾ ਕੋਈ ਆਪਣੇ ਇਮੀਗ੍ਰੇਸ਼ਨ ਵਿੱਚ ਕੇਸ ਲਗਵਾਉਣ ਲਈ ਫਾਰਮ ਭਰਵਾਉਣ ਆ ਜਾਂਦਾ ਜਾਂ ਕੋਈ ਅੰਗਰੇਜ਼ੀ ਦੀ ਚਿੱਠੀ ਪੜ੍ਹਵਾਉਣ ਆ ਜਾਂਦਾ ਲ ਇਸ ਦੇ ਨਾਲ ਨਾਲ ਪੰਜਾਬੀਆਂ ਦੇ ਮਸਲੇ ਹੱਲ ਕਰਵਾਉਣ ਲਈ ਮੈਨੂੰ ਬਹੁਤ ਵਾਰ ਪੁਲਿਸ ਸਟੇਸ਼ਨ, ਕਚਹਿਰੀ ਵਿੱਚ, ਇਮੀਗ੍ਰੇਸ਼ਨ ਦਫ਼ਤਰਾਂ ਵਿੱਚ ਅਤੇ ਵਕੀਲਾਂ ਕੋਲ ਜਾਣਾ ਪੈਂਦਾ ਸੀ ਲ ਭਾਵੇਂ ਮੈਂ ਖੁਦ ਪੱਕਾ ਨਹੀਂ ਹੋ ਸਕਿਆ ਸੀ ਪਰ ਮੇਰੀ ਮੱਦਦ ਨਾਲ ਸੈਂਕੜੇ ਹੋਰ ਪੰਜਾਬੀ ਪੱਕੇ ਹੋ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਗਏ ਸਨ ਲ ਇਸ ਕਰਕੇ ਸਾਰੇ ਮੇਰੀ ਬਹੁਤ ਕਦਰ ਕਰਦੇ ਸਨ ਕਿਉਂਕਿ ਮੈਂ ਕਦੇ ਵੀ ਕਿਸੇ ਤੋਂ ਇਨ੍ਹਾਂ ਕੰਮਾਂ ਬਦਲੇ ਪੈਸੇ ਨਹੀਂ ਲਏ ਸਨ । ਇਮੀਗ੍ਰੇਸ਼ਨ ਮੈਨੂੰ ਲੱਭਦੀ ਹੋਣ ਕਾਰਣ ਮੈਂ ਇਹ ਪਿੰਡ ਛੱਡ ਕੇ ਹੋਰ ਸ਼ਹਿਰ ਪੁੱਕੀਕੋਹੀ ਵਿੱਚ ਕਿਰਾਏ ਤੇ ਘਰ ਲੈ ਕੇ ਰਹਿਣ ਲੱਗ ਪਿਆ ਲ ਸ਼ਹਿਰ ਹੋਣ ਕਾਰਣ ਇਥੇ ਕਿਰਾਇਆ ਮੈਰੀਮੈਰੀ ਨਾਲੋਂ ਵੱਧ ਸੀ । ਪੁੱਕੀਕੋਹੀ ਵਿੱਚ ਕੁੱਝ ਮਹੀਨਿਆਂ ਬਾਦ ਕੰਮ ਮੁੱਕ ਗਿਆ ਤਾਂ ਅਸੀਂ ਫਿਰ ਹੇਸਟਿੰਗਸ ਸ਼ਹਿਰ ਨੂੰ ਚਲੇ ਗਏ । ਹੇਸਟਿੰਗਸ ਸ਼ਹਿਰ ਦੇ ਇੱਕ ਬਾਗ ਵਿੱਚ ਰੋਪਾਰੀ ਰੋਡ (Raupare Road) ਤੇ ਕੁੱਝ ਮਹੀਨੇ ਤੰਬੂਆਂ ਵਿੱਚ ਰਿਹਾ ਜਿੱਥੇ 25-30 ਹੋਰ ਪੰਜਾਬੀ ਵੀ ਰਹਿੰਦੇ ਸਨ । ਤੰਬੂ ਵਿੱਚ ਸਲ੍ਹਾਬ ਸਾਡੇ ਗੱਦਿਆਂ ਤੇ ਆ ਜਾਂਦੀ ਅਤੇ ਸਵੇਰ ਤੱਕ ਰਜ਼ਾਈਆਂ ਵੀ ਗਿੱਲੀਆਂ ਹੋ ਜਾਂਦੀਆਂ । ਮੀਂਹ ਪੈਣ ਤੇ ਕਈ ਵਾਰ ਪਾਣੀ ਸਾਡੇ ਤੰਬੂਆਂ ਵਿੱਚ ਵੀ ਆ ਜਾਂਦਾ ਸੀ ਲ ਸਿਰਫ ਦੋ ਐਲੀਮੈਂਟਾਂ ਦੇ ਚੁੱਲ੍ਹੇ ਤੇ ਸਾਰਿਆਂ ਦਾ ਰੋਟੀ ਪਾਣੀ ਬਣਾਉਂਦੇ ਜੋ ਕਾਫੀ ਸਮਾਂ ਲੈ ਜਾਂਦਾ । ਗਰਮ ਪਾਣੀ ਦਾ ਕੋਈ ਇੰਤਜ਼ਾਮ ਨਹੀਂ ਸੀ । ਉਥੇ ਬਣੇ ਟਿਊਬਵੈਲ ਤੇ ਹੀ ਨਹਾਉਂਦੇ । ਨਿਊਜ਼ੀਲੈਂਡ ਵਿੱਚ ਬੋਰ ਦਾ ਪਾਣੀ ਪੰਜਾਬ ਵਾਂਗ ਸਿਆਲ ਵਿੱਚ ਕੋਸਾ ਨਹੀਂ ਆਉਂਦਾ ਲ ਇਸ ਕਰਕੇ ਬਰਫ਼ ਵਰਗੇ ਪਾਣੀ ਵਿੱਚ ਹੀ ਨਹਾਉਣਾ ਪੈਂਦਾ । ਟਿਊਬਵੈਲ ਦੀ ਧਾਰ ਥੱਲੇ ਛਾਲਾਂ ਮਾਰ ਮਾਰ ਕੇ ਸਰੀਰ ਗਿੱਲਾ ਕਰਦੇ ਅਤੇ ਇਸੇ ਤਰਾਂ ਛਾਲਾਂ ਮਾਰ ਮਾਰ ਕੇ ਸਾਬਣ ਲਾਹੁੰਦੇ ਕਿਉਂਕਿ ਠੰਡੇ ਪਾਣੀ ਨਾਲ ਸਾਹ ਬੰਦ ਹੋਣ ਨੂੰ ਕਰਦਾ ਰਹਿੰਦਾ ਸੀ । ਰੋਟੀ ਪਾਣੀ ਬਣਾਉਣਾ ਵੀ ਨਿਊਜ਼ੀਲੈਂਡ ਆ ਕੇ ਖੁਦ ਹੀ ਸਿੱਖਿਆ ਸੀ । ਅਸੀਂ ਇੱਕ ਵੇਲੇ 108 ਰੋਟੀਆਂ ਬਣਾਉਂਦੇ ਹੁੰਦੇ ਸੀ । ਏਨੀਆਂ ਰੋਟੀਆਂ ਹਰ ਵੇਲੇ ਗਿਣਨੀਆਂ ਵੀ ਔਖੀਆਂ ਸਨ । ਇਸ ਕਰਕੇ ਅਸੀਂ ਕੰਧ ਨਾਲ ਇੱਕ ਗਿੱਠ ਅਤੇ ਚਾਰ ਉਂਗਲਾਂ ਤੇ ਨਿਸ਼ਾਨੀ ਲਾਈ ਹੁੰਦੀ ਸੀ ਲ ਏਨੀ ਉੱਚੀ ਤਹਿ ਹੋਣ ਨਾਲ 108 ਰੋਟੀਆਂ ਹੋ ਜਾਂਦੀਆਂ ਸਨ ।

ਇਥੇ ਗੋਰੇ ਬੱਕਰੇ ਦਾ ਮੀਟ ਨਹੀਂ ਖਾਂਦੇ । ਬੱਕਰੇ ਦਾ ਮੀਟ ਆਪਣੇ ਕੁੱਤਿਆਂ ਨੂੰ ਹੀ ਪਾਉਂਦੇ ਹਨ । ਉਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਬੱਕਰੇ ਦਾ ਮੀਟ ਲੋਕਾਂ ਨੂੰ ਦਿਨ ਤਿਉਹਾਰ ਤੇ ਹੀ ਖਾਣ ਨੂੰ ਮਿਲਦਾ ਹੁੰਦਾ ਸੀ । ਨਿਊਜ਼ੀਲੈਂਡ ਵਿੱਚ ਪੂਰਾ ਬੱਕਰਾ ਕੱਟ ਕੇ ਫਾਰਮ ਵਿੱਚੋਂ 5 ਡਾਲਰ ਦਾ ਮਿਲ ਜਾਂਦਾ ਸੀ । ਪੂਰੀ ਭੇਡ ਵੱਢ ਕੇ 15 ਡਾਲਰ ਵਿੱਚ ਮਿਲ ਜਾਂਦੀ ਸੀ ਲ ਏਨਾ ਸਸਤਾ ਦੇਖ ਕੇ ਪੰਜਾਬੀਆਂ ਨੇ ਸਬਜ਼ੀਆਂ ਦੀ ਬਜਾਏ ਬੱਕਰੇ ਖਾਣ ਤੇ ਜ਼ੋਰ ਦਿੱਤਾ ਲ ਗੋਰੇ ਦੇ ਫਾਰਮ ਦੇ ਸਾਰੇ ਬੱਕਰੇ ਖਾ ਕੇ ਖਤਮ ਕਰ ਦਿੱਤੇ । ਗੋਰੇ ਕੋਲ ਇਕੱਲੇ ਛੇਲੇ ਹੀ ਬਚੇ । ਗੋਰਾ ਕਹਿਣ ਲੱਗਾ ਕਿ ਛੇਲੇ ਵੱਡੇ ਹੋਣ ਤੇ ਵੇਚਣੇ ਹਨ ਲ ਪੰਜਾਬੀ ਕਹਿਣ ਲੱਗੇ ਕਿ ਵੱਡੇ ਹੋਣ ਤੇ ਵੀ ਤੂੰ ਛੇਲੇ 5 ਡਾਲਰ ਦੇ ਹੀ ਵੇਚਣੇ ਹਨ । ਅਸੀਂ ਤੈਨੂੰ ਹੁਣ ਹੀ 5 ਡਾਲਰ ਦੇ ਹਿਸਾਬ ਨਾਲ ਪੈਸੇ ਦੇ ਦਿੰਦੇ ਹਾਂ । ਇਸ ਤਰਾਂ ਛੇਲੇ ਖਾਣ ਤੋਂ ਬਾਦ ਉਹ ਫਾਰਮ ਹੀ ਖਤਮ ਹੋ ਗਿਆ ਲ ਉਸ ਗੋਰੇ ਦਾ ਨਾਮ ਬੁੱਟਲਰ ਜੌਹਨ ਹੁੰਦਾ ਸੀ । ਪੰਜਾਬੀਆਂ ਨੂੰ ਇਹ ਨਾਮ ਲੈਣਾ ਔਖਾ ਹੁੰਦਾ ਸੀ ਲ ਇਸ ਕਰਕੇ ਉਨ੍ਹਾਂ ਫੋਨ ਕੋਲ ਉਸ ਦਾ ਨਾਮ ਬੱਕਰਾ ਦਾਸ ਹੀ ਲਿਖਿਆ ਹੁੰਦਾ ਸੀ । ਉਨ੍ਹਾਂ ਦਿਨਾਂ ਵਿੱਚ ਇਕੱਲੇ ਲੈਂਡਲਾਈਨ ਫੋਨ ਹੀ ਹੁੰਦੇ ਸਨ ਅਤੇ ਫੋਨ ਨੰਬਰ ਲਿਖ ਕੇ ਫੋਨ ਦੇ ਲਾਗੇ ਕੰਧ ਤੇ ਲਗਾਏ ਹੁੰਦੇ ਸਨ ।

--- ਚੱਲਦਾ ---

# ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ 18 ਨੂੰ

## ਬਾਬਾ ਬੀਰ ਸਿੰਘ ਬਲੱਡ ਡੋਨੇਟ ਸੁਸਾਇਟੀ ਵੱਲੋਂ ਵਿਸ਼ੇਸ਼ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ

**ਕਪੂਰਥਲਾ (ਕੌੜਾ)-** ਧੰਨ ਧੰਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਮਨਾਇਆ ਜਾਣ ਵਾਲਾ ਸਲਾਨਾ ਜੋੜ ਮੇਲਾ ਸੰਤ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਕਾਰ ਸੇਵਾ ਠੱਟਾ ਪੁਰਾਣਾ ਵਾਲਿਆਂ ਦੀ ਅਗਵਾਈ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਬੂਲਪੁਰ ਤੇ ਸਮੂਹ ਗ੍ਰਾਮ ਪੰਚਾਇਤ ਬੂਲਪੁਰ ਤੇ ਇਲਾਕੇ ਦੇ ਸਮੂਹ ਸੰਗਤਾਂ ਦੇ ਸਾਂਝੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਬੂਲਪੁਰ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਿੰਦਰ ਸਿੰਘ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਸਬੰਧੀ 14 ਮਈ ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਪਹਿਲੀ ਲੜੀ ਆਰੰਭ ਹੋਵੇਗੀ। ਜਿਨ੍ਹਾਂ ਦੇ ਭੋਗ 16 ਮਈ ਨੂੰ ਪੈਣ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਦੀ ਦੂਸਰੀ ਲੜੀ 16 ਮਈ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਵੇਗੀ ਜਿਨ੍ਹਾਂ ਦੇ ਭੋਗ 18 ਮਈ ਦਿਨ ਐਤਵਾਰ ਨੂੰ ਪਾਏ ਜਾਣਗੇ। ਉਹਨਾਂ ਦੱਸਿਆ ਕਿ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਗਿਆਨੀ ਹਰਜਿੰਦਰ ਸਿੰਘ ਫੱਕਰ ਦਾ ਢਾਡੀ ਜੱਥਾ ਜਿੱਥੇ ਆਪਣੀਆਂ ਢਾਡੀ ਵਾਰਾਂ ਨਾਲ ਬਾਬਾ ਬੀਰ ਸਿੰਘ ਜੀ ਦੀ ਲਸਾਨੀ ਸ਼ਹਾਦਤ ਨੂੰ ਸੰਗਤਾਂ ਦੇ ਸਨਮੁਖ ਰੱਖੇਗਾ । ਉੱਥੇ ਹੀ ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜੀਤ ਸਿੰਘ ਜੀ ਸੁਲਤਾਨਪੁਰ ਲੋਧੀ ਵਾਲੇ ਗੁਰੂ ਚਰਨਾਂ ਨਾਲ ਕਥਾ ਦੁਆਰਾ ਸੰਗਤਾਂ ਨੂੰ ਜੋੜਨਗੇ । ਇਸ ਦੇ ਨਾਲ ਹੀ ਇਸ ਦੌਰਾਨ ਬਾਬਾ ਬੀਰ ਸਿੰਘ ਬਲੱਡ ਡੋਨੇਟ ਸੁਸਾਇਟੀ ਕਪੂਰਥਲਾ ਵੱਲੋਂ ਵਿਸ਼ੇਸ਼ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਲਖਵਿੰਦਰ ਸਿੰਘ ਨੰਨੜਾ ਨੇ ਦੱਸਿਆ ਕਿ ਇਹ ਖੂਨਦਾਨ ਕੈਂਪ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਲਗਾਇਆ ਜਾਵੇਗਾ। ਜਿਸ ਵਿੱਚ ਇਲਾਕੇ ਦੇ ਖੂਨਦਾਨੀ ਆਪਣਾ ਖੂਨ ਦਾਨ ਕਰਕੇ ਕਈ ਵਡਮੁੱਲੀਆਂ ਜਾਨਾਂ ਬਚਾਉਣ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ। ਉਹਨਾਂ ਨੇ ਇਲਾਕੇ ਦੇ ਦਾਨੀਆਂ ਨੂੰ ਇਸ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਸ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ।

# ਪੰਜਾਬ ਪੁਲਿਸ ਨੇ ਵੱਖ-ਵੱਖ ਮੁਕਦਮਿਆਂ ਵਿੱਚ ਦੋ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ ਐਸ ਪੀ ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ " ਤਹਿਤ ਏ.ਐਸ.ਆਈ ਗੁਰਬਚਨ ਸਿੰਘ ਅਤੇ ਪੁਲਿਸ ਪਾਰਟੀ ਨੇ ਮੁਲਜਮ ਗਗਨ ਮੁਹੰਮਦ ਨੂੰ ਕਾਬੂ ਕਰਕੇ ਉਸ ਪਾਸੋ 36 ਗੋਲੀਆ ਨਸ਼ੀਲੀਆ ਬ੍ਰਾਮਦ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਉਕਤ ਮੁਲਜਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਲੈਕੇ ਉਸ ਪਾਸੋ ਡੁਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ।ਇਸੇ ਤਰਾਂ ਥਾਣਾ ਦਸੂਹਾ ਵਿੱਚ ਲੋੜੀਦੇ ਮੁਲਜਮ ਮਨੋਹਰ ਲਾਲ ਨੂੰ ਏ ਐਸ ਆਈ ਅਨਿਲ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਸਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ ਅਤੇ ਇਲਾਕੇ ਵਿੱਚ ਹੋਈਆ ਚੋਰੀਆ ਬਾਰੇ ਪੁੱਛ ਗਿੱਛ ਕੀਤੀ ਜਾਵੇਗੀ।

**ਫੋਟੋ ਅਜਮੇਰ ਦੀਵਾਨਾ**

# ਬ੍ਰਹਮਗਿਆਨੀ ਬ੍ਰਹਮਲੀਨ 108 ਸੰਤ ਬਾਬਾ ਪ੍ਰੀਤਮ ਦਾਸ ਜੀ ਦੀ 35ਵੀਂ ਸਾਲਾਨਾ ਬਰਸੀ ਸਮਾਗਮ 16 ਮਈ ਨੂੰ



**ਹੁਸ਼ਿਆਰਪੁਰ / ਰਾਏਪੁਰ ਰਸੂਲਪੁਰ (ਤਰਸੇਮ ਦੀਵਾਨਾ )–** ਬ੍ਰਹਮ ਗਿਆਨੀ ਬ੍ਰਹਮਲੀਨ 108 ਸੰਤ ਬਾਬਾ ਪ੍ਰੀਤਮ ਦਾਸ ਜੀ (ਬਾਬੇ ਜੌੜੇ) ਪਿੰਡ ਰਾਏਪੁਰ ਰਸੂਲਪੁਰ ਜਲੰਧਰ ਵਾਲਿਆ ਦੀ 35ਵੀਂ ਸਾਲਾਨਾ ਬਰਸੀ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਜੀ ਬਾਬੇ ਜੌੜੇ ਪਿੰਡ ਰਾਏਪੁਰ ਰਸੂਲਪੁਰ ਜਲੰਧਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਨਿਰਮਲ ਦਾਸ ਜੀ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ . ਪੰਜਾਬ ਦੀ ਸਰਪ੍ਰਸਤੀ ਹੇਠ ਸ਼ਰਧਾ ਪੂਰਵਕ ਮਨਾਈ ਜਾ ਰਹੀ ਹੈ। ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਤ ਬਾਬਾ ਨਿਰਮਲ ਦਾਸ ਜੀ ਨੇ ਦੱਸਿਆ ਕਿ 14 ਮਈ ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਉਪਰੰਤ 14 ਤੋਂ 15 ਮਈ ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ । ਅਤੇ 16 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 10ਵਜੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਵੱਖ ਵੱਖ ਕੀਰਤਨੀ ਜੱਥੇ ਅਤੇ ਦੇਸ਼ ਭਰ ਤੋਂ ਸੰਤ ਮਹਾਂਪੁਰਸ਼ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸੰਬੰਧੀ ਭੈਣ ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ ਨੇ ਦੱਸਿਆ ਕਿ ਸੰਤ ਬਾਬਾ ਪ੍ਰੀਤਮ ਦਾਸ ਜੀ ਦੀ ਬਰਸੀ ਸਮਾਗਮ ਦੀਆਂ ਤਿਆਰੀਆਂ ਜੋਰਾਂ ਸ਼ੋਰਾ ਨਾਲ ਬਾਬਾ ਜੀ ਦੇ ਆਸ਼ੀਰਵਾਦ ਨਾਲ ਕੀਤੀਆਂ ਜਾ ਰਹੀਆਂ ਹਨ। ਤਾਂਕਿ ਸੰਗਤਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਮੌਕੇ ਜਿਥੇ ਵੱਖ ਵੱਖ ਧਾਰਮਿਕ ਸਮਾਜਿਕ ਅਤੇ ਸਿਆਸੀ ਜਥੇਬੰਦੀਆਂ ਦੇ ਆਗੂ ਪਹੁੰਚ ਕੇ ਸੰਤ ਮਹਾਂਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ ਉਥੇ ਸੰਤ ਬਾਬਾ ਪ੍ਰੀਤਮ ਦਾਸ ਜੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਦੇ ਸਟਾਫ ਵਲੋਂ ਫ੍ਰੀ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ।ਉਪਰੰਤ ਸੰਗਤਾਂ ਲਈ ਗੁਰੂ ਕਾ ਅਤੁੱਟ ਲੰਗਰ ਵੀ ਅਤੁਟ ਵਰਤਾਇਆ ਜਾਵੇਗਾ।

**ਫੋਟੋ ਅਜਮੇਰ ਦੀਵਾਨਾ**

# ਮਜੀਠਾ ਦੇ ਵੱਖ ਵੱਖ ਪਿੰਡਾਂ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਤੇ ਦੁੱਖ ਦਾ ਪ੍ਰਗਟਾਵਾ : ਸ ਅਵਤਾਰ ਸਿੰਘ ਕਰੀਮਪੁਰੀ



**ਬੰਗਾ( ਚਰਨਜੀਤ ਸੱਲ੍ਹਾਂ )** ਬਸਪਾ ਨੇ ਫੈਸਲਾ ਕੀਤਾ ਕਿ ਮੈਂ ਖੁਦ ਮਜੀਠਾ ਵਿਖੇ ਘਟਨਾ ਸਥਲ ਤੇ ਪਹੁੰਚਾਗਾ ਅਤੇ ਮੇਰੇ ਨਾਲ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਚੌਧਰੀ ਗੁਰਨਾਮ ਸਿੰਘ ਜੀ ਅੰਮ੍ਰਿਤਸਰ ਦੀ ਸਾਰੀ ਲੋਕਲ ਲੀਡਰਸ਼ਿਪ ਮੌਜੂਦ ਰਹੇਗੀ ਮਜੀਠਾ ਦੇ ਵੱਖ ਵੱਖ ਪਿੰਡਾਂ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਤੇ ਬਹੁਜਨ ਸਮਾਜ ਪਾਰਟੀ ਪੀੜਿਤ ਪਰਿਵਾਰਾਂ ਦੇ ਦੁੱਖ ਵਿੱਚ ਪੂਰਨ ਤੌਰ ਤੇ ਸ਼ਾਮਿਲ,ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫਲਾਪ, ਦੋਸ਼ੀਆਂ ਖਿਲਾਫ ਸਖਤ ਕਾਰਵਾਈ ਅਤੇ ਪੀੜਤਾਂ ਨੂੰ ਇੱਕ ਇੱਕ ਕਰੋੜ ਦਾ ਮੁਆਵਜ਼ਾ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਲਈ ਪ੍ਰਬੰਧ ਕਰੇ ਸਰਕਾਰ ਸ ਅਵਤਾਰ ਸਿੰਘ ਕਰੀਮਪੁਰੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਦੇ ਮਾਮਲੇ ਵਿੱਚ ਬਸਪਾ ਕਰੂਗੀ ਸੂਬੇ ਭਰ ਵਿੱਚ ਪ੍ਰਦਰਸ਼ਨ

**● 22 ਮਈ ਨੂੰ ਜ਼ਿਲ੍ਹਾ ਪੱਧਰ 'ਤੇ ਕੀਤੇ ਜਾਣਗੇ ਪ੍ਰਦਰਸ਼ਨ ● ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤਾ ਘਟਨਾ ਸਥਾਨ ਦਾ ਦੌਰਾ, ਪੀੜਤ ਪਰਿਵਾਰਾਂ ਨੂੰ ਮਿਲੇ ● ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਦਾ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ ਦੀ ਕੀਤੀ ਮੰਗ**



**ਜਲੰਧਰ।** ਹਲਕਾ ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਦੇ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿੱਚ ਬਹੁਜਨ ਸਮਾਜ ਪਾਰਟੀ ( ਬਸਪਾ) ਨੇ ਸੂਬਾ ਸਰਕਾਰ ਖ਼ਿਲਾਫ ਸੂਬੇ ਭਰ ਵਿੱਚ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ। ਇਸ ਸੰਬੰਧੀ ਦੱਸਦਿਆਂ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਇਹ ਪ੍ਰਦਰਸ਼ਨ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਜ਼ਿਲ੍ਹਾ ਪੱਧਰ 'ਤੇ 22 ਮਈ ਨੂੰ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਦੇਸ਼ ਨੂੰ ਅਜ਼ਾਦ ਹੋਇਆ 78 ਸਾਲ ਹੋ ਗਏ ਹਨ ਤੇ ਸੂਬੇ ਵਿੱਚ ਕਾਂਗਰਸ, ਅਕਾਲੀ-ਭਾਜਪਾ ਦੀਆਂ ਸਰਕਾਰਾਂ ਰਹੀਆਂ ਹਨ ਤੇ ਹੁਣ ਲੋਕਾਂ ਨੇ ਇਨ੍ਹਾਂ ਦੇ ਬਦਲ ਦੇ ਰੂਪ ਵਿੱਚ ਆਪ ਸਰਕਾਰ ਨੂੰ ਮੌਕਾ ਦਿੱਤਾ ਹੈ। ਇਸਦੇ ਬਾਵਜੂਦ ਸਥਿਤੀ ਨਹੀਂ ਸੁਧਰੀ ਹੈ ਤੇ ਸੂਬੇ ਦੇ ਲੋਕਾਂ ਦਾ ਲਗਾਤਾਰ ਨਸ਼ੇ ਨਾਲ ਵਿਨਾਸ਼ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨਸ਼ੇ ਦੇ ਖਾਤਮੇ ਦੇ ਮੁੱਦੇ 'ਤੇ ਸੂਬੇ ਵਿੱਚ ਸੱਤਾ ਵਿੱਚ ਆਈ ਸੀ, ਪਰ ਫੇਰ ਵੀ ਨਸ਼ੇ ਦਾ ਖਾਤਮਾ ਨਹੀਂ ਹੋਇਆ ਤੇ ਲੋਕਾਂ ਦੀਆਂ ਲਗਾਤਾਰ ਮੌਤਾਂ ਹੋ ਰਹੀਆਂ ਹਨ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਆਪ ਸਰਕਾਰ ਦਾ ਨਾਅਰਾ ਯੁੱਧ ਨਸ਼ਿਆਂ ਵਿਰੁੱਧ ਵੀ ਦਿਖਾਵਾ ਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਦੌਰਾਨ ਵੀ ਇਸੇ ਤਰ੍ਹਾਂ ਹੀ ਨਸ਼ਿਆਂ ਨਾਲ ਮੌਤਾਂ ਹੋਈਆਂ ਸਨ। ਇਸ ਮਾਮਲੇ ਵਿੱਚ ਜਿੱਥੇ ਆਪ ਸਰਕਾਰ ਫੇਲ੍ਹ ਸਾਬਤ ਹੋਈ ਹੈ, ਉੱਥੇ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਵੀ ਬੁਰੀ ਤਰ੍ਹਾਂ ਫਲਾਪ ਸਾਬਤ ਹੋਈਆਂ ਹਨ। ਇਸ ਕਰਕੇ ਪੰਜਾਬ ਨੂੰ ਇਸ ਤਰ੍ਹਾਂ ਦੇ ਹਾਲਾਤਾਂ ਤੋਂ ਬਚਾਉਣ ਤੇ ਸੰਭਾਲਣ ਲਈ ਬਸਪਾ ਨੇ 15 ਮਾਰਚ ਤੋਂ ਸੂਬੇ ਭਰ ਵਿੱਚ ਨਸ਼ਿਆਂ ਖਿਲਾਫ 'ਪੰਜਾਬ ਸੰਭਾਲੋ ਮੁਹਿੰਮ' ਸ਼ੁਰੂ ਕੀਤੀ ਹੈ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ, ਤਾਂ ਕਿ ਸੂਬੇ ਨੂੰ ਇਸ ਬਰਬਾਦੀ ਵਾਲੇ ਦੌਰ ਵਿੱਚੋਂ ਕੱਢਿਆ ਜਾ ਸਕੇ ਅਤੇ ਮਾਵਾਂ ਤੇ ਪੁੱਤ ਤੇ ਭੈਣਾਂ ਦੇ ਭਰਾ ਬਚਾਏ ਜਾ ਸਕਣ।

ਡਾ. ਅਵਤਾਰ ਸਿੰਘ ਕਰੀਮਪੁਰੀ ਬਸਪਾ ਲੀਡਰਸ਼ਿਪ ਦੇ ਨਾਲ ਘਟਨਾ ਸਥਾਨ ਪਿੰਡ ਮਰੜੀ ਕਲਾਂ, ਵਿਧਾਨ ਸਭਾ ਮਜੀਠਾ ਦੇ ਵਿੱਚ ਜ਼ਹਿਰੀਲੀ ਸ਼ਰਾਬ ਦੇ ਸ਼ਿਕਾਰ ਹੋਏ ਪੀੜਤ ਪਰਿਵਾਰਾਂ ਨੂੰ ਮਿਲਣ ਵੀ ਪਹੁੰਚੇ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਮੌਤਾਂ ਲਈ ਜ਼ਿੰਮਵਾਰ ਲੋਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦਾ ਮੁਆਵਜ਼ਾ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸੇ ਤਰ੍ਹਾਂ ਹੀ ਜਿਹੜੇ ਸ਼ਰਾਬ ਪੀਣ ਨਾਲ ਬੀਮਾਰ ਹੋਏ ਹਨ ਅਤੇ ਉਨ੍ਹਾਂ ਦੇ ਸਰੀਰ 'ਤੇ ਸ਼ਰਾਬ ਦਾ ਮਾੜਾ ਅਸਰ ਹੋਇਆ ਹੈ, ਉਨ੍ਹਾਂ ਨੂੰ ਵੀ ਯੋਗ ਮੁਆਵਜ਼ਾ ਦਿੱਤਾ ਜਾਵੇ ਤੇ ਉਨ੍ਹਾਂ ਦੇ ਵੀ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

ਇਸ ਮੌਕੇ 'ਤੇ ਚੌਧਰੀ ਗੁਰਨਾਮ ਸਿੰਘ ਸਟੇਟ ਜਨਰਲ ਸੈਕਟਰੀ, ਤਾਰਾ ਚੰਦ ਭਗਤ ਸਟੇਟ ਸੈਕਟਰੀ, ਸੁਰਜੀਤ ਸਿੰਘ ਭੈਲ ਸਟੇਟ ਕਮੇਟੀ ਮੈਂਬਰ, ਗੁਰਬਖਸ਼ ਮਹੇ ਇੰਚਾਰਜ ਬਹੁਜਨ ਸਮਾਜ ਪਾਰਟੀ ਅੰਮ੍ਰਿਤਸਰ ਸ਼ਹਿਰੀ, ਦਿਹਾਤੀ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਅਬਦਾਲ, ਤਰਨ ਤਰਨ ਜ਼ਿਲ੍ਹੇ ਦੇ ਪ੍ਰਧਾਨ ਕੁਲਵਿੰਦਰ ਸਿੰਘ ਸਹੋਤਾ, ਜੋਗਿੰਦਰ ਪਾਲ ਭਗਤ ਪ੍ਰਧਾਨ ਗੁਰਦਾਸਪੁਰ, ਸੀਨੀਅਰ ਬਸਪਾ ਆਗੂ ਐਡਵੋਕੇਟ ਥੋੜੂ ਰਾਮ, ਜਗਦੀਸ਼ ਦੁੱਗਲ ਬਸਪਾ ਸੀਨੀਅਰ ਲੀਡਰ, ਹਰਜੀਤ ਸਿੰਘ ਅਤੇ ਹੋਰ ਬਸਪਾ ਆਗੂ ਵੀ ਮੌਜੂਦ ਸਨ।

# ਅਮਰੀਕਾ ਵਿੱਚ ਪੰਜਾਬੀ ਬੇਟੀ ਨੇ ਐਮ ਬੀ ਏ ਦੀ ਡਿਗਰੀ ਹਾਸਲ ਕਰਕੇ ਦੇਸ਼ ਅਤੇ ਪ੍ਰੀਵਾਰ ਦਾ ਨਾਮ ਰੌਸ਼ਨ ਕੀਤਾ

**ਬੰਗਾ( ਚਰਨਜੀਤ ਸੱਲ੍ਹਾਂ )** ਅਮਰੀਕਾ ਦੀ ਪ੍ਰਸਿੱਧ ਯੂਨੀਵਰਸਿਟੀ "ਯੂਨੀਵਰਸਿਟੀ ਆਫ ਸੈਂਟਰਲ ਮਿਜ਼ੂਰੀ" ਵਿੱਚ ਪੰਜਾਬ ਦੇ ਸਧਾਰਨ ਪ੍ਰੀਵਾਰ ਦੀ ਹੋਣਹਾਰ ਬਹੂ /ਬੇਟੀ ਰੀਮਾ ਰਾਣੀ ਨੇ ਆਪਣੀ ਐਮ ਬੀ ਏ (ਮਾਸਟਰ ਆਫ਼ ਬਿਜਨਸ ਐਡਮਸਟੇਸਨ) ਦੀ ਪੜ੍ਹਾਈ ਸਖਤ ਮਿਹਨਤ ਅਤੇ ਲਗਨ ਨਾਲ ਪੂਰੀ ਕਰਦੇ ਹੋਏ ਪਹਿਲੇ ਸਥਾਨ (ਫਸ਼ਟ ਡਵੀਜ਼ਨ) ਤੇ ਪਾਸ ਕਰਕੇ ਦੇਸ਼ ਅਤੇ ਪੇਕੇ ਪਰਿਵਾਰ ਪਿੰਡ ਚੱਕ ਸਿੰਘਾ, ਸਹੁਰਾ ਪਰਿਵਾਰ ਪਿੰਡ ਹੀਉਂ (ਬੰਗਾ) ਦਾ ਨਾਮ ਰੌਸ਼ਨ ਕੀਤਾ ਹੈ। ਰੀਮਾ ਰਾਣੀ ਦੇ ਸਹੁਰਾ ਉੱਘੇ ਪੱਤਰਕਾਰ ਕਾਮਰੇਡ ਦਵਿੰਦਰ ਪਾਲ ਹੀਉਂ ਨੇ ਪ੍ਰੈੱਸ ਨਾਲ ਖੁਸ਼ੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਬਹੂ ਦਸੰਬਰ 2022 ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਗਈ ਸੀ ਅਤੇ ਕੁੱਝ ਸਮੇਂ ਬਾਅਦ ਉਨ੍ਹਾਂ ਦਾ ਬੇਟਾ ਵਿਵੇਕ ਪਾਲ ਵੀ ਉਸ ਦੀ ਸਹਾਇਤਾ ਕਰਨ ਲਈ ਉਸ ਦੇ ਪਾਸ ਪਹੁੰਚ ਗਿਆ ਸੀ। ਉਨ੍ਹਾਂ ਨੇ ਦਿਨ ਰਾਤ ਮਿਹਨਤ ਕਰਕੇ ਇਹ ਮੁਕਾਮ ਹਾਸਲ ਕੀਤਾ ਹੈ। ਹੁਣ ਇਸ ਗ੍ਰੈਜੁਏਸ਼ਨ ਸਮਾਗਮ ਦੇ ਸ਼ੁੱਭ ਅਵਸਰ ਤੇ ਮੈਂ ਖੁਦ ਅਤੇ ਮੇਰੀ ਪਤਨੀ ਅਵਤਾਰ ਕੌਰ ਨੇ ਅਮਰੀਕਾ ਯੂਨੀਵਰਸਿਟੀ ਪਹੁੰਚ ਕੇ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਹੈ। ਰੀਮਾ ਦੇ ਪਿਤਾ ਬਲਵਿੰਦਰ ਰਾਮ ਅਤੇ ਮਾਤਾ ਰਸ਼ਪਾਲ ਕੌਰ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਾਡੀ ਬੇਟੀ ਇਲਾਕੇ ਭਰ ਚੋਂ ਪਹਿਲੀ ਲੜਕੀ ਹੈ ਜਿਸ ਅਮਰੀਕਨ ਯੂਨੀਵਰਸਿਟੀ ਤੱਕ ਪਹੁੰਚ ਕੇ ਕਾਮਯਾਬੀ ਦੇ ਝੰਡੇ ਗੱਡੇ ਹਨ ਸਾਨੂੰ ਆਪਣੀ ਬੇਟੀ ਦੀ ਲਗਨ ਅਤੇ ਕੁੜਮ ਪ੍ਰੀਵਾਰ ਦੀ ਮਿਹਨਤ ਤੇ ਬਹੁਤ ਫਖਰ ਹੈ।




## ਮਹਿੰਦਵਾਣੀ ਤੇ ਭਡਿਆਰ ਆਦਿ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਕਰਨ ਵਾਲੀ ਜਲ ਸਪਲਾਈ ਸਕੀਮ ਤਹਿਤ ਪਿੰਡ ਬਿਲੜੋਂ ਵਿਖ਼ੇ ਡਿਪਟੀ ਸਪੀਕਰ ਵਲੋਂ ਲਿਆ ਗਿਆ ਜਾਇਜ਼ਾ

### 96 ਲੱਖ ਦੀ ਲਾਗਤ ਨਾਲ ਨਵੀਆਂ ਪਾਇਪ ਲਾਇਨਾ ਪਾਈਆਂ ਜਾਣਗੀਆਂ :- ਡਿਪਟੀ ਸਪੀਕਰ



**ਹੁਸ਼ਿਆਰਪੁਰ/ਗੜ੍ਹਸ਼ੰਕਰ(ਬਲਵੀਰ ਚੌਪੜਾ)** ਗੜ੍ਹਸ਼ੰਕਰ ਤੋਂ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਬੀਤ ਦੇ ਪਿੰਡਾਂ ਮਹਿੰਦਵਾਣੀ ਤੇ ਭਡਿਆਰ ਆਦਿ ਪਿੰਡ ਨੂੰ ਪਾਣੀ ਸਪਲਾਈ ਕਰਨ ਵਾਲੀ ਜਲ ਸਪਲਾਈ ਸਕੀਮ ਬਿਲੜੋਂ ਦਾ ਮਹਿੰਦਵਾਈ ਦੇ ਸਰਪੰਚ ਤੇ ਬਲਾਕ ਪ੍ਰਧਾਨ ਨਰੇਸ਼ ਕੁਮਾਰ ਰਾਣਾ ਦੇ ਨਾਲ ਵਿਸ਼ੇਸ਼ ਤੌਰ ਤੇ ਮੁਆਇਨਾ ਕੀਤਾ । ਇਸ ਮੌਕੇ ਡਿਪਟੀ ਸਪੀਕਰ ਸਾਹਿਬ ਨੇ ਕਿਹਾ ਕਿ ਇਹ ਸਕੀਮ ਬਹੁਤ ਪੁਰਾਣੀ ਹੋਣ ਕਰਕੇ ਵਾਟਰ ਸਪਲਾਈ ਦੀਆਂ ਪਾਇਪਾਂ ਅਕਸਰ ਲੀਕਜ਼ ਰਹਿੰਦੀਆਂ ਹਨ । ਜਿਸ ਨਾਲ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਮੱਸਿਆ ਰਹਿੰਦੀ ਸੀ । ਇਹਨਾਂ ਕਿਹਾ ਕਿ 96 ਲੱਖ ਦੀ ਲਾਗਤ ਨਾਲ ਨਵੀਆਂ ਪਾਇਪ ਲਾਇਨਾਂ ਪਾਈਆਂ ਜਾਣਗੀਆਂ । ਜਿਸ ਨਾਲ ਪਾਣੀ ਸਪਲਾਈ ਨਿਰਵਿਘਨ ਹੋਵੇਗੀ । ਸ਼੍ਰੀ ਰੌੜੀ ਜੀ ਨੇ ਕਿਹਾ ਕਿ ਹਲਕਾ ਗੜ੍ਹਸ਼ੰਕਰ ਦੀਆਂ ਸਾਰੀਆਂ ਵਾਟਰ ਸਪਲਾਈ ਸਕੀਮਾਂ ਲਈ ਵਾਧੂ ਮੋਟਰਾਂ ਮੁੱਹਈਆ ਕਰਵਾਈਆਂ ਗਈਆਂ । ਜਿਸ ਨਾਲ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਹੋਵੇਗੀ । ਇਸ ਦੌਰਾਨ ਓ.ਐਸ.ਡੀ. ਚਰਨਜੀਤ ਸਿੰਘ ਚੰਨੀ, ਯੂਥ ਪ੍ਰਧਾਨ ਪ੍ਰਿੰਸ ਚੌਧਰੀ, ਹਰਜਿੰਦਰ ਸਿੰਘ ਧੰਜਲ,ਧਰਮਪ੍ਰੀਤ ਸਿੰਘ,ਸਹਿਬਾਜ ਅਤੇ ਸਮੂਹ ਨਗਰ ਨਿਵਾਸੀ ਸ਼ਾਮਿਲ ਸਨ ।

## ਭਾਖੜਾ ਬਿਆਸ ਮੈਨੇਜਮੈਂਟ ਬੋਰਡ ਖਿਲਾਫ ਐਮ ਐਲ ਏ ਡਾ. ਈਸ਼ਾਂਕ ਨੇ ਦਿੱਤਾ ਧਰਨਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਵਿਚ ਪਾਣੀ ਦੇ ਅਧਿਕਾਰਾਂ ਨੂੰ ਲੈ ਕੇ ਇੱਕ ਵਾਰ ਫਿਰ ਤੋਂ ਆਵਾਜ਼ ਉੱਭਰੀ ਹੈ। ਚੱਬੇਵਾਲ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਡਾ. ਈਸ਼ਾਂਕ ਨੇ ਸੋਮਵਾਰ ਨੂੰ ਨੰਗਲ ਡੈਮ 'ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਭਭੰਭ) ਦੇ ਖਿਲਾਫ ਜ਼ੋਰਦਾਰ ਧਰਨਾ ਦਿੱਤਾ। ਇਸ ਪ੍ਰਦਰਸ਼ਨ ਦੀ ਅਗਵਾਈ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਹੋ ਰਹੀ ਹੈ, ਜਿਸ 'ਚ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਦੀ ਸਿੱਧੀ ਪ੍ਰੇਰਣਾ ਅਤੇ ਰਹਿਨੁਮਾਈ ਸ਼ਾਮਲ ਹੈ। ਧਰਨੇ ਵਿੱਚ ਡਾ. ਈਸ਼ਾਂਕ ਦੇ ਨਾਲ ਕਈ ਮਹੱਤਵਪੂਰਨ ਨੇਤਾ ਅਤੇ ਅਹੁਦੇਦਾਰ ਵੀ ਮੌਜੂਦ ਸਨ, ਜਿਨ੍ਹਾਂ ਵਿੱਚ ਗੁਰਵਿੰਦਰ ਸਿੰਘ ਪਾਬਲਾ, ਸੰਦੀਪ ਸੈਣੀ (ਬੈਕ ਫਿਨਕੋ ਚੇਅਰਮੈਨ), ਹਰਜੀਤ ਸਿੰਘ (ਮਾਰਕੀਟ ਕਮੇਟੀ ਮੁਖੇਰੀਆਂ ਚੇਅਰਮੈਨ), ਜਸਪਾਲ ਸਿੰਘ ਚੇਚੀ (ਮਾਰਕੀਟ ਕਮੇਟੀ ਹੁਸ਼ਿਆਰਪੁਰ ਚੇਅਰਮੈਨ), ਅਨੀਸ਼ ਕੁਮਾਰ ਅਤੇ ਬਲਵਿੰਦਰ ਸੋਨੀ ਸ਼ਾਮਲ ਸਨ। ਧਰਨੇ ਦਾ ਮੁੱਖ ਮਸਲਾ ਪੰਜਾਬ ਨੂੰ ਉਸਦੇ ਹਿੱਸੇ ਦਾ ਪਾਣੀ ਨਾ ਮਿਲਣਾ ਹੈ । ਡਾ. ਈਸ਼ਾਂਕ ਨੇ ਕਿਹਾ ਕਿ ਭਭੰਭ ਲੰਮੇ ਸਮੇਂ ਤੋਂ ਪੰਜਾਬ ਦੇ ਜਲ ਅਧਿਕਾਰਾਂ ਦੀ ਅਣਦੇਖੀ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਏ ਕਿ ਕੇਂਦਰ ਸਰਕਾਰ ਅਤੇ ਭਭੰਭ ਵੱਲੋਂ ਪੰਜਾਬ ਦੇ ਹਿੱਸੇ ਦਾ ਪਾਣੀ ਹੋਰ ਰਾਜਾਂ ਨੂੰ ਵੱਧ ਮਾਤਰਾ 'ਚ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਕਿਸਾਨ ਅਤੇ ਆਮ ਲੋਕ ਪ੍ਰਭਾਵਿਤ ਹੋ ਰਹੇ ਹਨ। ਡਾ. ਈਸ਼ਾਂਕ ਨੇ ਕਿਹਾ, "ਪੰਜਾਬ ਦੇ ਕਿਸਾਨ ਪਹਿਲਾਂ ਹੀ ਮੌਸਮ ਦੀ ਮਾਰ ਅਤੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ। ਜੇਕਰ ਉਨ੍ਹਾਂ ਨੂੰ ਉਹਨਾਂ ਦਾ ਹਿੱਸਾ ਪਾਣੀ ਨਹੀਂ ਮਿਲਦਾ, ਤਾਂ ਇਹ ਉਨ੍ਹਾਂ ਦੇ ਹੋਂਦ ਉੱਤੇ ਸੰਕਟ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਅਗਵਾਈ ਹੇਠ ਅਸੀਂ ਹੁਣ ਇਹ ਅਨਿਆ ਨਹੀਂ ਸਹਾਰ-ਾਗੇ।" ਉਨ੍ਹਾਂ ਕਿਹਾ ਕਿ ਇਹ ਧਰਨਾ ਸਿਰਫ ਇਕ ਚੇਤਾਵਨੀ ਹੈ। ਜੇਕਰ ਜਲਦੀ ਹਾਲਾਤਾਂ ਵਿਚ ਸੁਧਾਰ ਨਾ ਆਇਆ, ਤਾਂ ਇਹ ਸੰਘਰਸ਼ ਸੂਬੇ ਭਰ 'ਚ ਤੇਜ਼ ਕੀਤਾ ਜਾਵੇਗਾ। ਸੰਦੀਪ ਸੈਣੀ ਨੇ ਕਿਹਾ, "ਪੰਜਾਬ ਦੇ ਹੱਕ ਦਾ ਪਾਣੀ ਜ਼ਬਰਦਸਤੀ ਖੋਹ ਕੇ ਹੋਰ ਰਾਜਾਂ ਨੂੰ ਦੇਣਾ ਨਾ ਸਿਰਫ ਸੰਵਿਧਾਨ ਦਾ ਉਲੰਘਣ ਹੈ, ਸਗੋਂ ਇਹ ਸਾਡੇ ਕਿਸਾਨਾਂ ਦੀ ਪਿੱਠ 'ਚ ਛੁਰੀ ਮਾਰਨ ਦੇ ਬਰਾਬਰ ਹੈ।" ਹਰਜੀਤ ਸਿੰਘ ਅਤੇ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਇਹ ਧਰਨਾ ਪੰਜਾਬ ਦੇ ਕਿਸਾਨਾਂ ਦੀ ਆਵਾਜ਼ ਹੈ, ਜੋ ਹੁਣ ਹੋਰ ਦਬਾਈ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਨੇਤ੍ਰਤਵ ਨਾਲ ਮਿਲ ਕੇ ਇਹ ਸੰਘਰਸ਼ ਹੁਣ ਸਿਰਫ਼ ਕਿਸਾਨਾਂ ਦਾ ਨਹੀਂ, ਸੂਬੇ ਦੇ ਹਰ ਨਾਗਰਿਕ ਦਾ ਹੋ ਗਿਆ ਹੈ। ਧਰਨੇ 'ਚ ਸ਼ਾਮਿਲ ਪਾਰਟੀ ਵਰਕਰਾਂ ਦੇ ਹੱਥਾਂ 'ਚ ਤਖ਼ਤੀਆਂ ਤੇ ਬੈਨਰ ਸਨ, ਜਿਨ੍ਹਾਂ 'ਤੇ "ਪਾਣੀ ਸਾਡਾ ਹੱਕ ਹੈ", "ਭਭੰਭ ਹੋਸ਼ ਵਿੱਚ ਆਓ" ਅਤੇ "ਪੰਜਾਬ ਦੇ ਹੱਕ ਦਾ ਪਾਣੀ ਵਾਪਸ ਦਿਓ" ਵਰਗੇ ਨਾਅਰੇ ਲਿਖੇ ਹੋਏ ਸਨ। ਪ੍ਰਦਰਸ਼ਨ ਸ਼ਾਂਤਮਈ ਰਿਹਾ, ਪਰ ਲੋਕਾਂ ਦੀ ਭਾਵਨਾ ਦ੍ਰਿੜ੍ਹ ਅਤੇ ਉੱਤਜੀਤ ਸੀ। ਡਾ. ਈਸ਼ਾਂਕ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਫ਼ ਕਰ ਦਿੱਤਾ ਕਿ ਜਦ ਤੱਕ ਪੰਜਾਬ ਨੂੰ ਉਸਦਾ ਹੱਕ ਨਹੀਂ ਮਿਲਦਾ, ਇਹ ਸੰਘਰਸ਼ ਜਾਰੀ ਰਹੇਗਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਆਪਣੀ ਆਵਾਜ਼ ਉੱਚੀ ਕਰਦਾ ਰਹੇਗਾ।



# ਯਾਦਾਂ ਦੀਆਂ ਉਦਾਸ ਗ.ਲੀਆਂ ਦੇ ਇੱਕ ਚੈਪਟਰ ਦਾ ਕੁਝ ਹਿੱਸਾ

1991 ਵਿੱਚ ਜੈਤੋ ਜਿਸ ਘਰ ਵਿਚ ਅਸੀਂ ਰਹਿ ਰਹੇ ਸੀ ਓਹ ਭਾਂਵੇਂ ਨੈਹਰੂ ਪਾਰਕ ਦੇ ਸਾਹਮਣੇ ਜ਼ਰੂਰ ਸੀ ਪਰ ਬਣਤਰ ਵਿੱਚ ਵਧੀਆ ਨਾ ਹੋਣ ਕਰਕੇ ਮੈਂ ਵੇਚਣ ਦਾ ਮਨ ਬਣਾ ਲਿਆ ਤੇ ਵੇਚ ਦਿੱਤਾ । ਬਠਿੰਡਾ ਰੋਡ ਤੇ ਇੱਕ ਨੀਂਹਾਂ ਭਰਿਆ ਚੌਰਸ ਪਲਾਟ ਦਾ ਸੌਦਾ ਕਰਕੇ ਕਿਰਾਏ ਤੇ ਰਹਿਣਾ ਸ਼ੁਰੂ ਕਰ ਦਿੱਤਾ । ਮੇਰੇ ਮਨ ਵਿਚ ਵਧੀਆ ਮਕਾਨ ਬਣਾਉਣ ਦਾ ਵਿਚਾਰ ਸੀ ਪਰ ਉਨਾਂ ਪੈਸਾ ਨਹੀਂ ਸੀ ਜਿਸ ਕਰਕੇ ਮੈਂਨੂੰ ਜੂਆ ਖੇਡਣ ਦਾ ਫੁਰਨਾ ਫੁਰਿਆ। ਓਹਨਾਂ ਦਿਨਾਂ ਵਿਚ ਹਰ ਰੋਜ਼ ਖੁੱਲਣ ਵਾ.ਲੀ ਲਾਟਰੀ ਚਲਦੀ ਸੀ ਜਿਸ ਦੇ ਆਖ਼ਰੀ ਨੰਬਰ ਮਿਲਣ ਤੇ ਵੀ ਪੈਸੇ ਮਿਲਦੇ ਸਨ । ਮੈਂ ਓਹਨਾਂ ਦੁਕਾਨਾਂ ਤੇ ਜਾਕੇ ਅਧਿਐਨ ਕੀਤਾ ਤੇ ਨੰਬਰਾਂ ਦਾ ਇਕ ਫਾਰਮੂਲਾ ਤਿਆਰ ਕਰ ਲਿਆ। ਮੈਨੂੰ ਲੱਗਿਆ ਹੁਣ ਕਾਫੀ ਪੈਸੇ ਇੱਕਠੇ ਹੋ ਜਾਣਗੇ ਤੇ ਇੰਝ ਹੋਇਆ ਵੀ । ਮੈਂ ਕੁਛ ਪੈਸੇ ਇੱਕਠੇ ਕੀਤੇ ਪਰ ਰੁਕਿਆ ਨਹੀਂ । ਹੋਰ ਲੋਕ ਜਿਹੜੇ ਲਾਟਰੀ ਪਾਉਂਦੇ ਸਨ,ਮੈਂਨੂੰ ਉਡੀਕਦੇ ਰਹਿੰਦੇ ਕਿਓਂਕਿ ਓਹ ਮੇਰੇ ਮਗਰ ਲੱਗ ਕੇ ਓਹੀ ਨੰਬਰ ਖਰੀਦਦੇ ਸਨ । ਇਸ ਕਰਕੇ ਮੈ ਇਸ ਕੰਮ ਵਿੱਚ ਲੱਗਿਆ ਰਿਹਾ । ਇਸ ਤਰਾਂ ਇੱਕ ਵਾਰ ਦੋ ਨੰਬਰ ਕਈ ਦਿਨਾਂ ਤੱਕ ਬੰਦ ਰਹੇ ਓਹ ਨਹੀਂ ਆਏ ਜਿਸ ਕਰਕੇ ਮੈਂ ਪੌਣੇ ਦੋ ਲੱਖ ਰੁਪਏ ਜੂਏ ਵਿੱਚ ਹਾਰ ਗਿਆ। ਓਹਨਾਂ ਦਿਨਾਂ ਵਿੱਚ ਇਹ ਰਕਮ ਬਹੁਤ ਵੱਡੀ ਸੀ। ਜਿੰਨੇ ਪੈਸੇ ਇੱਕਠੇ ਕੀਤੇ ਸਨ ਉਸ ਤੋਂ ਵੱਧ ਘਾਟਾ ਪੈ ਗਿਆ। ਮੈਨੂੰ ਬਹੁਤ ਨਿਰਾਸ਼ਾ ਹੋਈ । ਬਾਕੀ ਬਚੇ ਥੋੜ੍ਹੇ ਪੈਸਿਆਂ ਨਾ.ਲ ਮੈਂ ਘਰ ਨਹੀਂ ਬਣਾ ਸਕਦਾ ਸੀ । ਇਹ ਗੱਲ ਮੈ ਆਪਣੀ ਪਤਨੀ ਤੇ ਹੋਰ ਭੈਣਾਂ ਭਰਾਵਾਂ ਤੋਂ ਛੁਪਾਈ ਰੱਖੀ। ਮੇਰੇ ਮਨ ਤੇ ਇੱਕ ਬੋਝ ਪੈ ਗਿਆ। ਮੈਂ ਚੁੱਪ ਰਹਿੰਦਾ ਤੇ ਖਾਣ ਪੀਣ ਵਿੱਚ ਮੇਰੀ ਦਿਲਚਸਪੀ ਘਟ ਗਈ । ਮੈਂ ਸੋਚਿਆ ਜੇ ਮੇਰੀ ਇਸ ਹਰਕਤ ਦਾ ਘਰ ਵਿਚ ਪਤਾ ਲਗ ਗਿਆ ਤਾਂ ਮੇਰੇ ਬਾਰੇ ਕੀ ਸੋਚਣਗੇ । ਇਹ ਸੋਚ ਕੇ ਮੈਂਨੂੰ ਖ਼ੁਦਕੁਸ਼ੀ ਕਰ ਲੈਣ ਦਾ ਵਿਚਾਰ ਆਓਣ ਲੱਗ ਪਿਆ ਕਿਉਂਕਿ ਮੈਂ ਬਹੁਤ ਨਿਰਾਸ਼ ਤੇ ਚੁੱਪ ਰਹਿਣ ਲੱਗ ਪਿਆ ਸੀ। ਮੇਰੀ ਪਤਨੀ ਸੁਆਲੀਆ ਨਜ਼ਰਾਂ ਨਾਲ



ਮੇਰੇ ਵੱਲ ਦੇਖਦੀ ਰਹਿੰਦੀ ਪਰ ਬੋਲਦੀ ਨਹੀਂ ਸੀ । ਮੈਂ ਖ਼ੁਦਕੁਸ਼ੀ ਕਰਨ ਦਾ ਤਰੀਕਾ ਸੋਚਦਾ ਸੋਚਦਾ ਅਚਾਨਕ ਇੱਕ ਖ਼ਿਆਲ ਵਿਚ ਐਸਾ ਡੁੱਬਿਆ ਕਿ ਬਿਜਲੀ ਦੇ ਲਿਸ਼ਕਾਰੇ ਵਾਂਗ ਇੱਕ ਫੁਰਨਾ ਫੁਰ ਗਿਆ ਤੇ ਮੈਂ ਸੋਚਿਆ ਜਿੰਨਾਂ ਦੁੱਖ ਮੈਂਨੂੰ ਮੇਰੀ ਇਸ ਗਲਤੀ ਨਾਲ ਹੋਇਆ ਹੈ , ਮੇਰੇ ਮਰਨ ਤੋਂ ਬਾਅਦ ਮੇਰੇ ਬੱਚਿਆਂ ਨੂੰ ਬਹੁਤ ਜ਼ਿਆਦਾ ਦੁੱਖ ਹੋਇਗਾ, ਪਤਨੀ ਤੇ ਬੱਚੇ ਰੋਣ ਕੁਰਲਾਉਣਗੇ , ਰੁ.ਲ ਜਾਣਗੇ। ਬਸ ,-ਇਹ ਖ਼ਿਆਲ ਆਓਂਦੇ ਹੀ ਮੇਰਾ ਮਨ ਹਲਕਾ ਹੋ ਗਿਆ ਤੇ ਮਾੜਾ ਵਿਚਾਰ ਬਦਲ ਦਿੱਤਾ। ਮੇਰੀ ਗ਼ਲਤੀ ਨਾ.ਲ ਹੋਇਆ ਨੁਕਸਾਨ ਮੈਂ ਆਪਣੀ ਪਤਨੀ ਨੂੰ ਦੱਸਿਆ ਤਾਂ ਉਸ ਨੇ ਮੈਨੂੰ ਹੌਸਲਾ ਰੱਖਣ ਲਈ ਕਿਹਾ ਤੇ ਓਹ ਕਈ ਦਿਨਾਂ ਤੱਕ ਹੌਸਲੇ ਦੀਆਂ ਗੱਲਾਂ ਕਰਦੀ ਰਹੀ । ਹੁਣ ਮੇਰੀ ਜ਼ਿੰਦਗੀ ਬਦਲ ਗਈ ਸੀ । ਬੈਂਕ ਵਿੱਚ ਘਰ ਬਣਾਉਣ ਲਈ ਕਰਜ਼ੇ ਦੀ ਨਵੀਂ ਸਕੀਮ ਆ ਗਈ ਜਿਸ ਨਾਲ ਮੈਂ ਪ੍ਰਤਾਪ ਨਗਰ ਬਠਿੰਡਾ ਵਿੱਚ ਘਰ ਬਣਾਇਆ। ਉਸ ਤੋਂ ਬਾਅਦ ਮੈਂ ਕਦੇ ਢਹਿੰਦੀ ਕਲਾ ਵੱਲ ਨਹੀਂ ਸੋਚਿਆ। ਇਸ ਕਰਕੇ ਇਸ ਚੈਪਟਰ ਦਾ ਨਾਮ ਚਲਦੀ ਰਹੇ ਜ਼ਿੰਦਗੀ ਰੱਖਿਆ ਗਿਆ।

**ਮਨਜੀਤ ਸਿੰਘ ਜੀਤ 9501615511**

# ਸਿੱਖ ਯੂਥ ਸਿਮਪੋਜ਼ੀਅਮ 2025: ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਵੱਲੋਂ ਗੁਰਮਤਿ ਵਿਚਾਰਾਂ ਦੀ ਰੂਹਾਨੀ ਪੇਸ਼ਕਸ਼

ਵਲੋਂ: ਸਮੀਪ ਸਿੰਘ ਗੁਮਟਾਲਾ

**ਸਿਨਸਿਨੈਟੀ, ਓਹਾਇਓ** । ਅਮਰੀਕਾ ਦੇ ਓਹਾਇਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਨੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵੱਲੋਂ ਕਰਵਾਏ ਗਏ ਸਾਲਾਨਾ ਉਦੇਸ਼ ਨਾਲ ਕਰਵਾਇਆ ਜਾਂਦਾ ਹੈ। ਇਸ ਸਾਲ ਸਿਮਪੋਜ਼ੀਆ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 28 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਜਨਵਰੀ ਮਹੀਨੇ ਇਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਜਾਂਦੇ



ਸਿੱਖ ਯੂਥ ਸਿਮਪੋਜ਼ੀਅਮ 2025 ਦੇ ਸਥਾਨਕ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ। ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੱਖ ਨੌਜਵਾਨਾਂ ਲਈ ਇਹ ਇੱਕ ਵਿਲੱਖਣ ਮੰਚ ਹੈ ਜੋ ਉਹਨਾਂ ਵਿੱਚ ਵਿਚਾਰ ਕਰਨ, ਗੁਰਮਤਿ ਨੂੰ ਸਮਝਣ ਅਤੇ ਭਾਸ਼ਣ ਦੀ ਕਲਾ ਨੂੰ ਉਭਾਰਨ ਦੇ ਹਨ। ਇਹਨਾਂ ਤਿੰਨ ਸਵਾਲਾਂ ਦੇ ਜਵਾਬ ਸਿਮਪੋਜ਼ੀਅਮ ਦੌਰਾਨ ਬੱਚਿਆਂ ਨੇ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।

ਇਸ ਸਾਲ ਪਹਿਲੇ ਗਰੁੱਪ ਨੂੰ "ਸਾਕਾ ਚਮਕੌਰ", ਦੂਜੇ ਨੂੰ "ਸਿੱਖ ਸਾਖੀਜ਼", ਤੀਜੇ ਨੂੰ "ਸਿੱਖ ਇਤੀਹਾਸ ਦੀਆਂ ਚੋਣਵੀਆਂ ਸਾਖੀਆਂ" ਅਤੇ ਚੌਥੇ ਨੂੰ "ਦ



ਮੈਸੇਜ ਆਫ ਗੁਰਬਾਣੀ" ਪੁਸਤਕ ਦਿੱਤੀ ਗਈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਈਚਾਰੇ ਦੇ ਸੀਨੀਅਰ ਮੈਂਬਰ ਅਤੇ ਪਿਛਲੇ ਕਈ ਸਾਲਾਂ ਤੋਂ ਜੱਜ ਦੀ ਸੇਵਾ ਕਰ ਰਹੇ ਤਰਲੋਚਨ ਸਿੰਘ ਸੰਧਾਵਾਲੀਆ ਨੇ ਇਸ ਸਮਾਗਮ ਦੀ ਸਫਲਤਾ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ, ਸੇਵਾਦਾਰਾਂ ਅਤੇ ਪ੍ਰਬੰਧਕਾ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਉਹਨਾਂ ਕਿਹਾ, "ਛੋਟੇ ਬੱਚਿਆਂ ਨੇ ਅੱਜ ਵੱਡੇ ਸੰਦੇਸ਼ ਦਿੱਤੇ, ਭਾਗ ਲੈਣ ਵਾਲੇ ਸਾਰੇ ਬੱਚੇ ਜੇਤੂ ਹਨ।" ਸੇਵਾਦਾਰ ਅਸੀਸ ਕੌਰ ਨੇ ਕਿਹਾ, "ਸਿਮਪੋਜ਼ੀਅਮ ਦੀ ਤਿਆਰੀ ਲਈ ਵਿਸ਼ੇਸ਼ ਕਲਾਸਾਂ ਗੁਰਦੁਆਰਾ ਸਾਹਿਬ ਵਿਖੇ ਲਾਈਆਂ ਜਾਂਦੀਆ ਹਨ, ਜਿੱਥੇ ਬੱਚਿਆਂ ਨੂੰ ਗੁਰ-ਮਤਿ, ਭਾਸ਼ਣ ਲਿਖਣ ਅਤੇ ਦੇਣ ਸੰਬੰਧੀ ਤਿਆਰੀ ਕਰਾਈ ਜਾਂਦੀ ਹੈ। ਸਮਾਗਮ ਵਾਲੇ ਦਿਨ ਹਰੇਕ ਬੱਚੇ ਦੀ ਮਿਹਨਤ ਉਹਨਾਂ ਦੇ ਭਾਸ਼ਣ ਰਾਹੀਂ ਸਾਫ ਝਲਕ ਰਹੀ ਸੀ।"

ਭਾਗ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਾਲ ਸਿਨਸਿਨੈਟੀ ਤੋਂ ਜੇਤੂ ਅੱਠ ਬੱਚੇ, ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।

ਇਸ ਸਲਾਨਾ ਸਮਾਗਮ ਮੌਕੇ ਮਰਹੂਮ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜਿਸ ਨੇ ਸਿੱਖ ਨੌਜਵਾਨਾਂ ਨੂੰ ਸਾਲ ਦਰ ਸਾਲ ਨਿਰਸਵਾਰਥ ਅਤੇ ਪੂਰੀ ਤਨਦੇਹੀ ਨਾਲ ਸਿੱਖਿਆ ਅਤੇ ਮਾਰਗਦਰਸ਼ਨ ਕੀਤਾ। ਇਸ ਤੋਂ ਇਲਾਵਾ, ਹਾਲ ਹੀ ਵਿੱਚ 12ਵੀ ਜਮਾਤ, ਕਾਲਜ ਜਾਂ ਯੁਨੀਵਰਸਿਟਤੀ ਦੀ ਡਿਗਰੀ ਪੂਰੀ ਕਰਕੇ ਗ੍ਰੈਜੁਏਟ ਹੋਏ ਬੀਤੇ ਸਾਲਾਂ ਦੇ ਭਾਗ ਲੈਣ ਵਾਲੇ ਨੌਜਵਾਨ ਬੱਚੇ ਅਤੇ ਬੱਚੀਆਂ ਨੂੰ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ।

**ਸਮੀਪ ਸਿੰਘ ਗੁਮਟਾਲਾ**
**ਸਿਨਸਿਨਾਟੀ, ਓਹਾਇਓ, ਅਮਰੀਕਾ**
**+1-937-654-8873**




# ਗੁਰੂ ਤੇਗ ਬਹਾਦਰ ਜੀ-ਜੀਵਨ ਸਾਧਨਾ ਅਤੇ ਬਾਣੀ

"ਤੇਗ ਬਹਾਦੁਰ ਸਿਮਰੀਐ, ਜਿਨ ਨਉ ਨਿਧ ਆਵੈ ਧਾਇ।ਹਰ ਥਾਈਂ ਹੋਇ ਸਹਾਇ,ਜਿਨ ਡਿਠੈ ਸਭ ਦੁਖ ਜਾਇ।"ਗੁਰੂ ਤੇਗ ਬਹਾਦਰ ਸਾਹਿਬ, ਦਿੱਤਾ ਉਪਦੇਸ਼, ਜੀਵਨ-ਜਾਚ, ਵਸੀ ਵਿੱਚ ਬਾਣੀ। ਨਾਮ ਸਿਮਰਨ ਕਰਦਿਆਂ, ਕੰਮਾਂ-ਕਾਰਾਂ 'ਚ ਲੰਘੇ ਜ਼ਿੰਦਗਾਨੀ। ਅਕਾਲ ਪੁਰਖ ਦੇ, ਲੜ ਲਾ ਕੇ ਸੰਗਤ, ਦਿੱਤੀ ਲਾਸਾਨੀ ਕੁਰਬਾਨੀ।ਕਸ਼ਮੀਰੀ ਪੰਡਤਾਂ ਦੀ ਸੁਣ ਕੇ ਫਰਿਆਦ, ਜ਼ਾਲਮ ਮੁਗਲਾਂ ਦੀ, ਦਿਵਾਉਂਦੀ ਯਾਦ। ਔਰੰਗਜ਼ੇਬ ਧੱਕੇ ਨਾਲ ਜਨੇਊ ਲਾਹ ਕੇ, ਕਰਾਉਂਦਾ ਸੀ ਇਸਲਾਮ ਕਬੂਲ, ਗੁਰੂ ਸਾਹਿਬ ਨੇ ਭੰਡਿਆ, ਉਸ ਦਾ ਇਹ ਅਸੂਲ। ਫਰਿਆਦ ਲੈ ਕੇ, ਮਟਨ ਦੇ ਬ੍ਰਾਹਮਣ



ਪਹੁੰਚੇ,ਅਨੰਦਪੁਰ ਆਣ,ਗੁਰੂ ਜੀ ਭਾਵੇਂ ਜਨੇਊ ਨ੍ਹੀਂ ਸੀ ਪਾਉਂਦੇ, ਪੰਡਤਾਂ ਦਾ ਕੀਤਾ ਮਾਣ। ਚਿੰਤਾ ਵਿੱਚ ਸਨ ਗੁਰੂ ਜੀ ਕਿਵੇਂ ਹੋਊ ਸਮੱਸਿਆ ਦਾ ਹੱਲ। ਨੌ ਸਾਲ ਦੇ ਬਾਲ ਗੋਬਿੰਦ ਕਿਹਾ, ਤੁਸੀਂ ਕਰੋ ਅਗਵਾਈ ਅਟੱਲ। ਸੁਨੇਹਾ ਔਰੰਗਜ਼ੇਬ ਤੱਕ,ਧੱਕੇਸ਼ਾਹੀ ਦਾ, ਦਿੱਤਾ ਪੁੱਚਾ।ਮਹਾਂਪੁਰਖਾਂ ਕੁਰਬਾਨੀ ਦੇ ਕੇ, ਜੀਵਨ ਦਾ ਲਾ ਦਿੱਤਾ ਦਾਅ।

ਡਾ. ਗੰਡਾ ਸਿੰਘ ਅਨੁਸਾਰ, ਗ੍ਰਿਫਤਾਰੀ ਹੋਈ, ਵਿੱਚ ਮਲਕਪੁਰ ਰੰਗੜਾਂ,ਗੁਪਤ ਰੱਖੀ ਸਾਰੀ ਕਾਰਵਾਈ, ਲੈ ਗਏ ਦਿੱਲੀ ਵੱਲ। ਧਮਕਾਉਣ ਵਾਸਤੇ ਗੁਰੂ ਜੀ ਨੂੰ, ਤਿੰਨ ਸਿੱਖ ਦਿੱਤੇ ਮਾਰ।ਭਾਈ ਮਤੀ ਦਾਸ ਜੀ ਨੂੰ,ਆਰੇ ਨਾਲ ਚੀਰਿਆ, ਭਾਈ ਦਿਆਲਾ ਜੀ, ਦੇਗ ਚ ਉਬਾਲ ਕੇ ਬੁਲਾਇਆ ਪਾਰ। ਭਾਈ ਸਤੀ ਦਾਸ ਜੀ ਨੂੰ, ਰੂੰ ਚ ਲਪੇਟ ਕੇ, ਅੱਗ ਨਾਲ ਦਿੱਤਾ ਸਾੜ। ਮਨੁੱਖੀ ਅਧਿਕਾਰਾਂ ਦੇ ਰਾਖੇ, ਦਸੰਬਰ 1675 ਨੂੰ,ਆਪਣੀ ਜਿੰਦ, ਕਰ ਗਏ ਕੁਰਬਾਨ। ਲੱਖੀ ਸ਼ਾਹ ਵਣਜਾਰੇ ਨੇ,ਗੁਰੂ ਜੀ ਦੇ ਧੜ ਦਾ, ਅਪਣੇ ਘਰ ਨੂੰ, ਅੱਗ ਲਾ ਕੇ, ਕੀਤਾ ਸੰਸਕਾਰ।ਆਪਣੇ ਪਿਤਾ ਦਾ ਸੀਸ, ਧੜ ਨਾਲੋਂ ਵੱਖ ਕਰ, ਬਦਲਿਆ ਗੁਰੂ ਸਾਹਿਬ ਦੀ ਦੇਹ ਨਾਲ, ਗੁਰਦੁਆਰਾ ਰਕਾਬਗੰਜ, ਸੁਸ਼ੋਭਤ, ਉਸ ਥਾਂ ਤੇ, ਉਨਾਂ ਦੀ ਹੈ ਯਾਦਗਾਰ।



ਭਾਈ ਜੈਤਾ ਜੀ ਉਰਫ ਜੀਵਨ ਸਿੰਘ ਜੀ ਪਹੁੰਚੇ, ਸੀਸ ਲੈ ਕੇ ਗੁਰਾਂ ਦਾ ਆਨੰਦਪੁਰ ਲੁੱਕਦੇ-ਲੁਕਾਉਂਦੇ। "ਰੰਘਰੇਟਾ ਗੁਰੂ ਕਾ ਬੇਟਾ", ਬਾਲ ਗੋਬਿੰਦ, ਪਾ ਗਲਵਕੜੀ ਕਹਿੰਦੇ।ਫੌਜਾਂ ਦਾ ਬਣਾਇਆ ਜਰਨੈਲ, ਸਦਾ ਗੁਰੂ ਜੀ ਨਾਲ ਰਹਿੰਦੇ। ਜੈਤਾ ਜੀ ਨੇ, ਪਿਤਾ ਜੀ ਦਾ ਸੀਸ ਕੱਟ ਕੇ, ਸੀਸ ਬਦਲਕੇ,ਇਸ ਕੰਮ ਵਿੱਚ, ਕੋਤਵਾਲ ਅਬਦੁੱਲਾ ਬਣਿਆ ਮਦਦਗਾਰ। ਗੁਰੂ ਸਾਹਿਬ ਸ਼ਹੀਦੀ ਦੇ ਕੇ, ਕੀਤਾ ਬਹੁਤ ਵੱਡਾ ਉਪਕਾਰ। ਰਹਿੰਦੀ ਦੁਨੀਆਂ, ਤੱਕ ਚਮਕੇਗਾ, ਨਾਮ ਵਿੱਚ ਸੰਸਾਰ।

**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ ਆਬਾਦ # 639/40 ਏ ਚੰਡੀਗੜ੍ਹ। ਫੋਨ ਨੰਬਰ : 9878469639**

# ਨਰਸਿੰਗ ਦਿਵਸ: ਸੇਵਾਵਾਂ ਤੇ ਜਜ਼ਬੇ ਦੀ ਸ਼ਲਾਘਾ, ਢਾਹਾਂ ਕਲੇਰਾਂ ਹਸਪਤਾਲ 'ਚ 'ਨਰਸਿੰਗ ਦਿਵਸ' ਮਨਾਇਆ

**ਬੰਗਾ, (ਚਰਨਜੀਤ ਸੱਲ੍ਹਾਂ )** ਅੱਜ ਨਰਸਿੰਗ ਦਿਵਸ ਮੌਕੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਰਸਿੰਗ ਜਜ਼ਬੇ ਨੂੰ ਸਲਾਮ ਕਰਦਿਆਂ ਇਸ ਵਰਗ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਹਸਪਤਾਲ ਦੇ ਪ੍ਰਬੰਧਕੀ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਨਰਸਿੰਗ ਦੀ ਜਨਮਦਾਤਾ ਫਲੋਰੈਂਸ ਨਾਈਟਨਗੇਲ ਦੇ ਜਨਮ ਦਿਨ ਨੂੰ ਸਮਰਪਿਤ ਇਸ ਦਿਵਸ ਮੌਕੇ ਉਹਨਾਂ ਦੀ ਨਰਸਿੰਗ ਨੂੰ ਦੇਣ ਨੂੰ ਯਾਦ ਕੀਤਾ। ਇਸ ਦੇ ਨਾਲ ਹੀ ਉਹਨਾਂ ਸਮੂਹ ਨਰਸਿੰਗ ਸਟਾਫ਼ ਨੂੰ ਇਸ ਮਿਸ਼ਨ ਦੇ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਉਕਤ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਜਸਦੀਪ ਸਿੰਘ ਸੈਣੀ, ਡਿਪਟੀ ਮੈਡੀਕਲ ਸੁਪਰਡੈਂਟ ਡਾ. ਬਲਵਿੰਦਰ ਸਿੰਘ, ਨਰਸਿੰਗ ਸੁਪਰਡੈਂਟ ਦਵਿੰਦਰ ਕੌਰ, ਡਿਪਟੀ ਨਰਸਿੰਗ ਸੁਪਰਡੈਂਟ ਸਰਬਜੀਤ ਕੌਰ ਨੇ ਵੀ ਨਰਸਿੰਗ ਦਿਵਸ ਮੌਕੇ ਇਸ ਕਾਰਜ ਨੂੰ ਸਮਾਜ ਦਾ



ਮਾਣ ਦੱਸਿਆ। ਉਹਨਾਂ ਕਿਹਾ ਕਿ ਇਹ ਕਿੱਤਾ ਸੇਵਾ ਅਤੇ ਰੁਜ਼ਗਾਰ ਪੱਖ ਤੋਂ ਸਮਾਜ ਅੰਦਰ ਸਤਿਕਾਰਤ ਸਥਾਨ ਰੱਖਦਾ ਹੈ ਜਿਸ ਲਈ ਸੇਵਾਵਾਂ ਨਿਭਾਉਣ ਵਾਲਾ ਨਰਸਿੰਗ ਵਰਗ ਸਦਾ ਸਤਿਕਾਰਿਆ ਜਾਂਦਾ ਹੈ।

ਉਕਤ ਬੁਲਾਰਿਆਂ ਨੇ ਇਸ ਵਾਰ ਕੌਮਾਂਤਰੀ ਪੱਧਰ 'ਤੇ ਨਰਸਿੰਗ ਦਿਵਸ ਨੂੰ 'ਨਰਸਾਂ ਦੀ ਵਿੱਤੀ ਤੰਦਰੁਸਤੀ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਦੀ ਹੈ' ਵਾਲੇ ਬੈਨਰ ਦੀ ਵੀ ਪ੍ਰੋੜਤਾ ਕੀਤੀ ਅਤੇ ਇਸ ਨੂੰ ਇਸ ਅਦਾਰੇ ਅੰਦਰ ਲਾਗੂ ਕਰਨ ਦਾ ਭਰੋਸਾ ਜਿਤਾਇਆ। ਨਰਸਿੰਗ ਵਰਗ ਨੂੰ ਸ਼ੁੱਭ ਕਾਮਨਾਵਾਂ ਦੇਣ ਵਾਲਿਆਂ 'ਚ ਫਰੰਟ ਡੈੱਸਕ ਮੈਨੇਜਰ ਜੋਤੀ ਭਾਟੀਆ, ਮੀਡੀਆ ਕੋ-ਆਰਡੀਨੇਟਰ ਸੁਰਜੀਤ ਮਜਾਰੀ ਵੀ ਸ਼ਾਮਲ ਸਨ। ਇਸ ਮੌਕੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਨਰਸਿੰਗ ਅਫ਼ਸਰ ਵਜੋਂ ਤਾਇਨਾਤ ਸਮੂਹ ਵਾਰਡ ਇੰਚਾਰਜ ਸ਼ਾਮਲ ਸਨ। ਇਹਨਾਂ ਵਿੱਚ ਗੁਰਪ੍ਰੀਤ ਕੌਰ ਐਮਰਜੈਂਸੀ ਵਾਰਡ, ਸੁਨੀਤਾ ਮੈਡੀਸਨ/ ਗਾਇਨੀ ਵਾਰਡ, ਬਲਜੀਤ ਕੌਰ ਸਰਜਰੀ ਵਾਰਡ, ਕਿਰਨ ਐਚ ਡੀ ਯੂ ਵਾਰਡ, ਸੋਨੀਆ ਸਿੰਘ ਆਈ ਸੀ ਯੂ ਵਾਰਡ, ਆਈ ਸੀ ਐਨ ਮਨਜੋਤ ਕੌਰ, ਡਰੈਸਿੰਗ ਓ ਪੀ ਡੀ ਇੰਚਾਰਜ ਬਲਵੀਰ ਕੌਰ, ਨਰਸਿੰਗ ਅਫ਼ਸਰ ਪਰਮਿੰਦਰ ਕੌਰ, ਓ ਪੀ ਡੀ ਇੰਚਾਰਜ ਬਲਵੀਰ ਕੌਰ ਸ਼ਾਮਲ ਸਨ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਜੰਗਬੰਦੀ ਦੇ ਫੈਂਸਲੇ ਦਾ ਸਵਾਗਤ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੌਂ ਭਾਰਤ ਪਾਕਿਸਤਾਨ ਵਿਚਾਲੇ ਸ਼ੁਰੂ ਹੋਈ ਜੰਗ ਦੇ ਬੰਦ ਹੋਣ ਅਤੇ ਦੋਵਾਂ ਦੇਸ਼ਾਂ ਵਲੌਂ ਜੰਗਬੰਦੀ ਲਈ ਸਹਿਮਤ ਹੋਣ ਤੋਂ ਬਾਅਦ ਦੇਸ਼ ਵਾਸੀਆਂ ਅੰਦਰ ਖੁਸ਼ੀ ਦਾ ਮਹੌਲ ਹੈ ਅਤੇ ਜੰਗ ਰੁਕਣ ਤੋਂ ਬਾਅਦ ਜਨ ਜੀਵਨ ਆਮ ਵਾਂਗ ਹੋਣ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਕਾਇਮ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਓਨਾਂ ਕਿਹਾ ਕਿ ਇਹ ਜੰਗ ਪਹਿਲੀਆਂ ਜੰਗਾਂ ਨਾਲੋਂ ਵੱਖਰੀ ਹੋਣੀ ਸੀ ਪਰ ਪਰਮਾਤਮਾ ਦੀ ਕ੍ਰਿਪਾ ਨਾਲ ਇਹ ਸੰਕਟ ਟਲ ਗਿਆ ਹੈ। ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਜੰਗ ਕਾਰਨ ਜਿਥੇ ਕਾਰੋਬਾਰ ਠੱਪ ਹੋ ਗਏ ਸਨ ਉਥੇ ਬਲੈਕ ਆਉਟ ਕਾਰਨ ਸਹਿਰਾਂ ਅਤੇ ਪਿੰਡਾਂ ਵਿਚ ਘੁੱਪ ਹਨੇਰਾ ਛਾਇਆ ਹੋਇਆ ਸੀ। ਉਨਾਂ ਕਿਹਾ ਭਾਰਤ



ਗੁਰੂਆਂ, ਰਿਸ਼ੀਆਂ ਮੁਨੀਆਂ,ਪੈਗੰਬਰਾਂ, ਸੰਤਾਂ ਮਹਾਂਪੁਰਸ਼ਾਂ ਦੀ ਧਰਤੀ ਹੈ ਜਿਨਾਂ ਨੇ ਹਮੇਸ਼ਾ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਕੇ ਰੱਖਣ ਦਾ ਉਪਦੇਸ਼ ਦਿੱਤਾ ਹੈ , ਇਸ ਲਈ ਸਾਰੇ ਲੋਕਾਂ ਨੂੰ ਪ੍ਰਮੇਸ਼ਰ ਦੀ ਬਣਾਈ ਸੁੰਦਰ ਕਾਇਨਾਤ ਦੀ ਸਾਂਭ ਸੰਭਾਲ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ ।

ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ,ਸੰਤ ਰਜੇਸ਼ ਦਾਸ ਬਜਵਾੜਾ ਆਦਿ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਬਸਪਾ ਦੇ ਮਿਸ਼ਨਰੀ ਪੈਰੋਕਾਰ ਪ੍ਰੇਮ ਮਾਨ ਵਰਗੇ ਹੋਣੇ ਚਾਹੀਦੇ ਹੈ

**ਬੰਗਾ( ਚਰਨਜੀਤ ਸੱਲ੍ਹਾਂ )** ਲੰਡਨ ਇੰਗਲੈਂਡ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ। ਮਾਹੌਲ ਉਸ ਸਮੇਂ ਭਾਵੁਕ ਹੋ ਗਿਆ ਜਦੋਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸੱਚੇ ਸੁੱਚੇ ਪੈਰੋਕਾਰ ਸੱਚੇ ਸਿਪਾਹੀ ਸਤਿਕਾਰਯੋਗ ਪ੍ਰੇਮ ਮਾਨ ਜੀ ਲੰਬੇ ਸਮੇਂ ਤੋਂ



ਫੇਫੜਿਆਂ ਦੀ ਗੰਭੀਰ ਬਿਮਾਰੀ ਨਾਲ਼ ਜੂਝਦੇ ਹੋਏ ਹੋਣ ਦੇ ਬਾਵਜੂਦ ਵੀ ਆਪਣੇ ਨਾਲ ਆਕਸੀਜਨ ਸਿਲੰਡਰ ਲੈ ਕੇ ਸਟੇਜ ਉਪਰ ਪਹੁੰਚ ਗਏ ਅਤੇ ਸਮਾਜ ਬਸਪਾ ਦੇ ਮਿਸ਼ਨ ਨਾਲ਼ ਜੁੜਨ ਲਈ ਪ੍ਰੇਰਿਤ ਕਰਦੇ ਹੋਏ ਨਜ਼ਰ ਆਏ। ਸਲੂਟ ਹੈਂ ਇਸ ਤਰ੍ਹਾਂ ਦੇ ਬਸਪਾ ਦੇ ਸੱਚੇ ਸੁੱਚੇ ਮਿਸ਼ਨਰੀ ਪੈਰੋਕਾਰਾ ਦੇ ਜਿਨ੍ਹਾਂ ਦੇ ਸਿਰਾ ਤੇ ਬਸਪਾ ਇੱਕ ਵਾਰ ਜਰੂਰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਉਂਗਲ ਦਾ ਇਸ਼ਾਰਾ ਸਮਝ ਕੇ ਦਿੱਲੀ ਉਪਰ ਕਬਜ਼ਾ ਕਰੇਗੀ।

## ਡਿਸਏਬਲਡ ਪਰਸਨਜ ਵੈਲਫੇਅਰ ਸੁਸਾਇਟੀ ਨੇ ਸੁਣਨ ਤੋਂ ਅਸਮਰੱਥ ਬੱਚਿਆਂ ਦੇ ਟੈਸਟ ਕਰਵਾਉਣ ਲਈ ਦਸ ਹਜਾਰ ਰੁਪਏ ਦਾ ਚੈੱਕ ਦਿੱਤਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)**-ਡਿਸਏਬਲਡ ਪਰਸਨਜ ਵੈਲਫੇਅਰ ਸੁਸਾਇਟੀ ਦੀ ਮੀਟਿੰਗ ਪ੍ਰਧਾਨ ਸੰਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੁਣਨ ਤੋਂ ਅਸਮਰੱਥ 17 ਬੱਚਿਆਂ ਦੇ ਟੈਸਟ ਕਰਵਾਉਣ ਲਈ ਦਸ ਹਜਾਰ ਰੁਪਏ ਦਾ ਚੈੱਕ ਸੁਸਾਇਟੀ ਵਲੋਂ ਹੇਅਰ ਐਂਡ ਸਪੀਚ ਸੈਂਟਰ ਨੂੰ ਦਿੱਤਾ ਗਿਆ। ਇਸ ਮੌਕੇ ਦਾ ਪ੍ਰਧਾਨ ਸੰਦੀਪ ਸ਼ਰਮਾ ਨੇ ਕਿਹਾ ਕਿ ਸੁਸਾਇਟੀ ਦਿਵਿਆਂਗ



ਵਿਅਕਤੀਆਂ ਦੀ ਭਲਾਈ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਇਸ ਮੌਕੇ ਸੰਦੀਪ ਸ਼ਰਮਾ, ਡੌਲੀ ਚੀਮਾ ਸੁਰਜੀਤ ਗੈਸ ਏਜੰਸੀ, ਰਾਜ ਕੁਮਾਰ, ਸੁਖਜਿੰਦਰ ਸਿੰਘ, ਰਜੀਵ ਕੁਮਾਰ, ਦੀਪਕ ਸ਼ਰਮਾ, ਅਨੁਰਾਧਾ, ਗੁਰਪ੍ਰੀਤ ਸਿੰਘ, ਰਾਜਦੀਪ ਸਿੰਘ, ਪ੍ਰਭਜੋਤ ਸਿੰਘ, ਸਤਵਿੰਦਰ ਸੋਨੂ, ਯੋਗਰਾਜ, ਕੁਲਜੀਤ ਬੰਗੜ ਅਤੇ ਜਸਵਿੰਦਰ ਸਿੰਘ ਸਹੋਤਾ ਆਦਿ ਹਾਜ਼ਰ ਸਨ।

# ਸਾਹਿਤ ਸਮਾਜ

## ਕਲਮ ਦਾ ਸਿਪਾਹੀ ਤੇ ਪੰਜਾਬੀ ਮਾਂ ਬੋ਼ਲੀ ਦਾ ਰਖਵਾਲਾ ਰਮੇਸ਼ਵਰ ਸਿੰਘ

ਪੰਜਾਬੀ ਸਾਡੀ ਮਾਂ ਬੋ਼ਲੀ ਹੈ ਭਾਸ਼ਾ ਅਨੁਸਾਰ ਇਸ ਨੂੰ ਗੁਰਮੁੱਖੀ ਵੀ ਕਹਿੰਦੇ ਹਨ। ਕਿਉਂਕਿ ਇਹ ਗੁਰੂ ਸਾਹਿਬਾਨ ਨੇ ਉਚਾਰੀ ਹੈ। ਪੰਜਾਬੀ ਮਾਂ ਬੋ਼ਲੀ ਨੂੰ ਪ੍ਰਫੁੱਲਤ ਕਰਨ ਲਈ ਸ਼ੁਰੂ ਤੋਂ ਹੀ ਯਤਨ ਕੀਤੇ ਜਾ ਰਹੇ ਹਨ। ਅਨੇਕ ਸਭਾ ਸੁਸਾਇਟੀਆਂ ਮੰਚ ਬਣੇ ਹਨ। ਸਰਕਾਰ ਨੇ ਵੀ ਭਾਸ਼ਾ ਵਿਭਾਗ ਬਣਾਇਆ ਹੋਇਆ ਹੈ। ਅਸ਼ਲੀਲ ਸਾਹਿਤ ਲਿਖਣ ਵਾਲੇ ਗਾਉਣ ਵਾਲੇ ਅਤੇ ਪੰਜਾਬੀ ਦੇ ਨਾਮ ਤੇ ਆਪਣਾ ਤੋਰੀ ਫੁਲਕਾ ਚਲਾਉਣ ਵਾਲੇ ਵੀ ਆਪਣੇ ਆਪ ਨੂੰ ਪੰਜਾਬੀ ਮਾਂ ਬੋ਼ਲੀ ਦਾ ਸੇਵਕ ਅਖਵਾਉਂਦੇ ਹਨ। ਕਈ ਤਾਂ ਰਖਵਾਲੇ ਬਣਕੇ ਆਪਣੀਆਂ ਤਿਜ਼ੋਰੀਆਂ ਭਰ ਰਹੇ ਹਨ। ਇਥੋਂ ਤੱਕ ਕੇ ਪੰਜਾਬੀ ਭਾਸ਼ਾ ਦੇ ਨਾਮ ਤੇ ਭਾਰੀ ਭਰਕਮ ਤਨਖ਼ਾਹਾਂ ਲੈਣ ਵਾਲੇ ਵੀ ਆਪਣੇ ਕੰਮ ਨਾਲ ਨਿਆਂ ਨਹੀਂ ਕਰ ਸਕੇ। ਕਿਉਂਕਿ ਉਹਨਾਂ ਉਪਰ ਕੋਈਂ ਚੌਕੀਦਾਰ ਨਹੀਂ ਸੀ।

ਬਹੁਤੀਆਂ ਕਿਤਾਬਾਂ ਲਿੱਖਕੇ ਜਾਂ ਪੰਜਾਬੀ ਵਿੱਚ ਗਾਣੇ ਗਾਕੇ ਹੀ ਸੇਵਾ ਨਹੀਂ ਕੀਤੀ ਜਾ ਸਕਦੀ। ਇਸ ਲਈ ਲਗਨ ਹੋਣੀ ਲਾਜ਼ਮੀ ਹੈ। ਸੇਵਾ ਦੀ ਮੁਢਲੀ ਜਾਣਕਾਰੀ ਵੀ ਹੋਣੀ ਚਾਹੀਦੀ ਹੈ ਖੁਦ ਦੀ ਭਾਸ਼ਾ ਤੇ ਪਕੜ ਹੋਣੀ ਲਾਜ਼ਮੀ ਹੈ।

ਪਟਿਆਲਾ ਸ਼ਹਿਰ ਵਿੱਚ ਰਮੇਸ਼ਵਰ ਸਿੰਘ ਮਰਚੈਂਟ ਨੇਵੀ ਦਾ ਸੇਵਾਮੁਕਤ ਅਫ਼ਸਰ ਹੈ। ਅੱਧੀ ਦੂਨੀਆਂ ਘੁੰਮਿਆ ਹੈ। ਜਿਸ ਨੇ ਅੱਜ ਕੱਲ੍ਹ ਪੱਤਰਕਾਰੀ ਨੂੰ ਇੱਕ ਸ਼ੋਂਕ ਵਜੋਂ ਅਪਣਾਇਆ ਹੋਇਆ ਹੈ। ਮੈਨੂੰ ਉਹ ਪੱਤਰਕਾਰ ਘੱਟ ਤੇ ਇੱਕ ਜਨੂੰਨੀ ਵੱਧ ਲੱਗਦਾ ਹੈ। ਪੰਜਾਬੀ ਭਾਸ਼ਾ ਪ੍ਰਤੀ ਉਸ ਦਾ ਜਨੂੰਨ ਕਾਬਿਲ ਏ ਤਾਰੀਫ਼ ਹੈ। ਜਨੂੰਨ ਵੀ ਇੰਨਾ ਕਿ ਕੁਝ ਅਖੌਤੀ ਸਿਆਣੇ ਉਸਨੂੰ ਸਿਰਫਿਰਾ ਵੀ ਕਹਿੰਦੇ ਹੋਣਗੇ। ਉਹ ਪੂਰੀ ਤਰ੍ਹਾਂ ਪੰਜਾਬੀ ਮਾਂ ਬੋ਼ਲੀ ਨੂੰ ਸਮਰਪਿਤ ਹੈ। ਰਮੇਸ਼ਵਰ ਮਾਂ ਭੈਣ ਦੀ ਗਾਲ੍ਹ ਬਰਦਾਸ਼ਤ ਕਰ ਸਕਦਾ ਹੈ ਪ੍ਰੰਤੂ ਪੰਜਾਬੀ ਦੇ ਸ਼ਬਦਜੋੜ ਦੀ ਗਲਤੀ ਨਹੀਂ। ਮਾਂ ਬੋ਼ਲੀ ਦੀ ਅਣਦੇਖੀ ਉਸ ਤੋਂ ਸਹਿਣ ਨਹੀਂ ਹੁੰਦੀ। ਇੱਥੇ ਉਹ ਆਪਾ ਖੋ ਦਿੰਦਾ ਹੈ।

ਮੇਰਾ ਉਸ ਨਾਲ ਬਹੁਤਾ ਵਾਹ ਨਹੀਂ ਪਿਆ ਤੇ ਨਾ ਮੈਂ ਕਦੇ ਉਸਨੂੰ ਮਿਲਿਆ ਹਾਂ। ਪ੍ਰੰਤੂ ਮੇਰੀ ਭਾਸ਼ਾ ਦੀ ਗਲਤੀ ਤੇ ਆਪਣਿਆਂ ਵਾਂਗੂ ਝੱਟ ਟੋਕ ਦਿੰਦਾ ਹੈ। ਮੈਨੂੰ ਹੀ ਨਹੀਂ ਕਹਿੰਦੇ ਕਹਾਉਂਦੇ ਲੇਖਕਾਂ ਦੀ ਗ਼ਲਤੀ ਓਹਨਾ ਦੇ ਸਾਹਮਣੇ ਰੱਖ ਦਿੰਦਾ ਹੈ। ਉਹ ਨਿਰੋਲ ਪੰਜਾਬੀ ਦੀ ਗੱਲ ਕਰਦਾ ਹੈ ਸ਼ਾਇਰੋ ਸ਼ਾਇਰੀ ਵਿਚੋਂ ਵੀ ਪੁਰਾਣੇ ਗੀਤ ਭਾਲਦਾ ਹੈ। ਉਹ ਅਜੋਕੇ ਗਾਇਕਾਂ ਨਾਲੋਂ ਪੁਰਾਣੇ ਗੀਤਕਾਰਾਂ ਦੀ ਪੰਜਾਬੀ ਨੂੰ ਦੇਣ ਦੀ ਸ਼ਲਾਘਾ ਕਰਦਾ ਹੈ। ਉਹ ਪੰਜਾਬੀ ਰਾਗ ਪੰਜਾਬੀ ਸਾਜ਼ ਅਤੇ ਪੰਜਾਬੀ ਅਲਫਾਜ਼ ਦੀ ਗੱਲ ਕਰਦਾ ਹੈ।



ਰਮੇਸ਼ਵਰ ਉਭਰਦੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਵੱਖ ਵੱਖ ਅਖਬਾਰਾਂ ਰਸਾਲਿਆਂ ਵਿੱਚ ਛਪਵਾਉਣ ਲਈ ਇੱਕ ਕੜ੍ਹੀ ਦਾ ਕੰਮ ਕਰਦਾ ਹੈ। ਨਵੀਆਂ ਕਲਮਾਂ ਦੀ ਹੌਸਲਾਂ ਅਫਜਾਈ ਕਰਦਾ ਹੈ ਤੇ ਅਖੌਤੀ ਸਥਾਪਿਤ ਲੇਖਕਾਂ ਦੀਆਂ ਗਲਤੀਆਂ ਨੂੰ ਕਦੇ ਅੱਖ ਪਰੋਖੇ ਨਹੀਂ ਕਰਦਾ।

ਰਮੇਸ਼ਵਰ ਇਕੱਲਾ ਪੱਤਰਕਾਰ ਹੀ ਨਹੀਂ ਉਹ ਸਮੇਂ ਸਮੇ ਤੇ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਪੰਜਾਬੀ ਨੂੰ ਲਾਗੂ ਕਰਨ ਲਈ ਪੱਤਰ ਲਿਖਕੇ ਜਗਾਉਂਦਾ ਵੀ ਹੈ। ਪੰਜਾਬੀ ਮਾਂ ਬੋ਼ਲੀ ਪ੍ਰਤੀ ਸਰਕਾਰ ਦੇ ਰਵੀਏਏ ਤੇ ਆਪਣੀ ਟੇਡੀ ਅੱਖ ਵੀ ਰੱਖਦਾ ਹੈ। ਕਦੇ ਕਦੇ ਮੈਨੂੰ ਰਮੇਸ਼ਵਰ ਬਾਹਲਾ ਸਿੰਗ ਫਸਾਉ ਜਿਹਾ ਵੀ ਲੱਗਦਾ ਹੈ ਇਹ ਕਿਸੇ ਵੀ ਵਿਭਾਗ ਨੂੰ ਭਾਸ਼ਾ ਪ੍ਰਤੀ ਅਣਗਹਿਲੀ ਕਰਕੇ ਝੱਟ ਈ-ਮੇਲ ਕਰ ਦਿੰਦਾ ਹੈ। ਅਤੇ ਆਪਣੇ ਲਪੇਟੇ ਵਿੱਚ ਲ਼ੈ ਲੈਂਦਾ ਹੈ। ਇਸਨੇ ਆਪਣੀਆਂ ਚਿੱਠੀਆਂ ਰਾਹੀਂ ਤਕਰੀਬਨ ਹਰ ਵਿਭਾਗ ਵਿੱਚ ਭਸੂੜੀ ਪਾਈ ਹੋਈ ਹੈ। ਹੁਣ ਇਸ ਨੇ ਆਪਣੇ ਇਸ ਮਿਸ਼ਨ ਲਈ ਆਪਣੇ ਨਾਲ ਇੱਕ ਵਕੀਲਾਂ ਦੀ ਟੀਂਮ ਵੀ ਨਾਲ ਰਲਾਈ ਹੋਈ ਹੈ। ਚੰਗੇ ਨਾਮੀ ਵਕੀਲ ਇਸ ਨਾਲ ਜੁੜੇ ਹੋਏ ਹਨ। ਜਦੋਂ ਕੋਈਂ ਵਿਭਾਗ ਭਾਸ਼ਾ ਪ੍ਰਤੀ ਸਰਕਾਰੀ ਨਿਯਮਾਂ ਦੀ ਅਣਦੇਖੀ ਕਰਦਾ ਹੈ ਤਾਂ ਇਹ ਉਹਨਾ ਤੇ ਲਿਖਤੀ ਕਾਰਵਾਈ ਕਰਦੇ ਹਨ ਜੇ ਫਿਰ ਵੀ ਗੱਲ ਨਾ ਬਣੇ ਤਾਂ ਅਗਲੇ ਨੂੰ ਅਦਾਲਤ ਵਿੱਚ ਘਸੀਟ ਲੈਂਦੇ ਹਨ। ਜਿਵੇਂ ਹੁਣ ਪੰਜਾਬ ਅਫਸਰ ਸ਼ਾਹੀ ਦੀਆਂ ਬਦਲੀਆਂ ਦੇ ਹੁਕਮ ਪੰਜਾਬੀ ਵਿੱਚ ਵੀ ਆਉਂਦੇ ਹਨ। ਉਸੇ ਤਰ੍ਹਾਂ ਬਿਜਲੀ ਬੋਰਡ ਨੂੰ ਪੰਜਾਬੀ ਵਿੱਚ ਬਿਜਲੀ ਬਿੱਲ ਭੇਜਣ ਲਸੀ ਮਜ਼ਬੂਰ ਕਰਨ ਵਾਲੇ ਇਹੀ ਲੋਕ ਹਨ।

ਰਮੇਸ਼ਵਰ ਇਕੱਲੀ ਮਾਂ ਬੋ਼ਲੀ ਦੀ ਗੱਲ ਹੀ ਨਹੀਂ ਕਰਦਾ। ਇਸ ਨੇ ਆਵਾਜ਼ ਪ੍ਰਦੂਸ਼ਣ ਨੂੰ ਲੈਕੇ ਵੀ ਪ੍ਰਸ਼ਾਸ਼ਨ ਨਾਲ ਆਢਾ ਵਿੱਢਿਆ ਹੋਇਆ ਹੈ। ਦੇਖਣ ਵਿੱਚ ਆਇਆ ਹੈ ਕਿ ਅਦਾਲਤਾਂ ਹੁਕਮ ਕਰਕੇ ਸੁਰਖਰੂ ਹੋ ਜਾਂਦੀਆਂ ਹਨ। ਅਫਸਰ ਅੱਗੇ ਚਿੱਠੀਆਂ ਕੱਢਕੇ ਫ਼ਾਰਗ਼ ਹੋ ਜਾਂਦੇ ਹਨ। ਇਹੁਨਾਂ ਹੁਕਮਾਂ ਨੂੰ ਲਾਗੂ ਕਰਾਉਣ ਵਾਲੇ ਬਹੁਤੇ ਅਫਸਰ ਇਸਨੂੰ ਸੀਰੀਅਸਲੀ ਨਹੀਂ ਲੈਂਦੇ। ਫਿਰ ਇਹ ਕਮਾਂਡ ਸੰਭਾਲਣ ਲਈ ਰਮੇਸ਼ਵਰ ਸਿੰਘ ਵਰਗੇ ਸਿਰਫਿਰੇ ਮੂਹਰੇ ਆਉਂਦੇ ਹਨ। ਜੋ ਪ੍ਰਸ਼ਾਸ਼ਨ ਅਤੇ ਇਲ-ਾਕੇ ਦੇ ਅਫਸਰਾਂ ਦਾ ਖੌਫ ਮੰਨੇ ਬਿਨਾਂ ਆਪਣੀ ਗੱਲ ਤੇ ਅਡਿੰਗ ਰਹਿੰਦੇ ਹਨ। ਪ੍ਰਸ਼ਾਸ਼ਨ ਦੁਆਰਾ ਇਹੁਨਾਂ ਤੇ ਜਾਇਜ ਨਜਾਇਜ਼ ਦਬਾਬ ਬਣਾਇਆ ਜਾਂਦਾ ਹੈ ਕਈ ਵਾਰੀ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ। ਪਰ ਜਨੂੰਨੀ ਲੋਕ ਕਿੱਥੇ ਪਰਵਾਹ ਕਰਦੇ ਹਨ। ਕਿਉਂਕਿ ਪੰਜਾਬੀ ਮਾਂ ਬੋ਼ਲੀ ਪ੍ਰਤੀ ਪਿਆਰ ਇਹੁਨਾਂ ਦੀਆਂ ਰਗਾਂ ਵਿੱਚ ਹੈ।

ਰਮੇਸ਼ਵਰ ਦੀ ਕਲਮ ਹੁਕਮ ਅਦੂਲੀ ਕਰਨ ਵਾਲਿਆਂ ਦੀ ਰੇਲ ਬਣਾ ਦਿੰਦੀ ਹੈ। ਕਲਮ ਤਾਂ ਓਹੀ ਹੁੰਦੀ ਹੈ ਗੱਲ ਇਹ ਹੁੰਦੀ ਹੈ ਕਿ ਉਹ ਕਿਸ ਦੇ ਹੱਥ ਵਿੱਚ ਹੈ। ਇਹ ਗੋਦੀ ਮੀਡੀਆ ਦੀ ਕਲਮ ਨਹੀਂ ਜੋ ਆਪਣੇ ਅਕਾਵਾਂ ਦੇ ਜੁੱਤੇ ਚਮਕਾਉਣ ਦਾ ਕੰਮ ਕਰਦੀ ਹੈ। ਇਹ ਰਮੇਸ਼ਵਰ ਦੀ ਕਲਮ ਹੀ ਹੈ ਜੋ ਮਾਂ ਬੋ਼ਲੀ ਲਈ ਰੋਫੈਲ ਹੋ ਨਿਬੜਦੀ ਹੈ।



ਰਮੇਸ਼ ਸੇਠੀ ਬਾਦਲ
9877627233

# ਲਾਵਾਰਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਦਾ ਮੁੰਬਈ ਵਿਖੇ ਹੋਇਆ ਵਿਸ਼ੇਸ਼ ਸਨਮਾਨ

ਪਿਛਲੇ ਹਫਤੇ 4 ਮਈ 2025 ਨੂੰ ਮੁੰਬਈ ਵਿਖੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਮੁੰਬਈ ਦੀਆਂ ਹੋਰ ਸਿੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਸਮਾਗਮ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਟਰਾਫੀ, ਸ਼ਾਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ । ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 20 ਸਾਲਾਂ ਤੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਪੁਰਸਕਾਰ ਦੇਣ ਸਮੇਂ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਪੂਰਨ ਸਿੰਘ ਬਾਂਗਾ, ਪ੍ਰਧਾਨ ਐਚ. ਐਸ. ਮਹਿਤਾ, ਜਨਰਲ ਸੈਕਟਰੀ ਇੰਦਰਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਹੋਰ ਮੈਂਬਰ ਅਤੇ ਬਹੁਤ ਸਾਰੀਆਂ ਸਿੱਖ ਜੱਥੇਬੰਦੀਆਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ। ਇਹ ਸਮਾਗਮ ਮੁੰਬਈ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਦੇ ਆਡੀਟੋਰੀਅਮ ਵਿੱਚ ਆਯੋਜਤ ਕੀਤਾ ਗਿਆ ਸੀ।

ਸਮਾਜ ਵੀਕਲੀ ਨਿਊਜ਼

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਬੇਘਰ, ਲਾਵਾਰਸ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ । ਅਜਿਹੇ




**ਡਾ. ਨੌਰੰਗ ਸਿੰਘ ਮਾਂਗਟ, ਉਹਨਾਂ ਦੀ ਪਤਨੀ ਪਰਮਜੀਤ ਕੌਰ ਮਾਂਗਟ ਅਤੇ ਮੁੰਬਈ ਸਮਾਗਮ ਦੇ ਪ੍ਰਬੰਧਕ।**

ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ। ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਹੁਣ 225 ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਤੇ ਗਰੀਬ ਲੋਕ ਪੱਕੇ ਤੌਰ ‘ਤੇ ਰਹਿ ਰਹੇ ਹਨ। ਇਹਨਾਂ ‘ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ ‘ਤੋਂ ਬਹੁਤ ਤਰਸਯੋਗ ਹਾਲਤ ‘ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਸਵਾ ਦੋ ਸੌ (225) ਲਾਵਾਰਸ-ਬੇਘਰ ਮਰੀਜ਼ਾਂ ‘ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ । ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ । ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ । ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ ‘ਚ ਕੰਮ ਕਰਦੇ ਹਨ । ਸੇਵਾਦ-ਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ । ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਤਿੰਨ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ।। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ):95018-42505; ਕੈਨੇਡਾ: 403-401-8787 ।



# ਬੁੱਧ ਪੂਰਨਿਮਾ ਮੌਕੇ ਅੰਬੇਦਕਰ ਬੁੱਧ ਬਿਹਾਰ, ਮਕਸੂਦਾਂ 'ਚ ਸਮੂਹ ਬੋਧ ਭਾਈਚਾਰੇ ਵੱਲੋਂ ਵਿਸ਼ਾਲ ਧਾਰਮਿਕ ਸਮਾਗਮ ਆਯੋਜਿਤ

ਅੱਜ ਜਲੰਧਰ ਦੇ ਮਕਸੂਦਾਂ ਜਿੰਦਾ ਰੋਡ ਸਥਿਤ ਅੰਬੇਦਕਰ ਬੁੱਧ ਬਿਹਾਰ ਵਿਖੇ ਬੁੱਧ ਪੂਰਨਿਮਾ ਦੇ ਪਵੱਤਰ ਮੌਕੇ ਇਕ ਵਿਸ਼ਾਲ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਗਮ ਸਮੂਹ ਬੋਧ ਭਾਈਚਾਰੇ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਚਿੰਤਨ ਤੇ ਬੁੱਧ ਧਰਮ ਦੀ ਰੋਸ਼ਨੀ ਹੇਠ ਮਨਾਇਆ ਗਿਆ। ਸਮਾਗਮ ਵਿੱਚ ਸੈਕੜੇ ਸੰਗਤਾਂ ਨੇ ਸ਼ਰਧਾ ਤੇ ਆਸਥਾ ਨਾਲ ਭਾਗ ਲਿਆ।

ਧੰਮਾਚਾਰੀ ਅਚੱਲ ਕੀਰਤੀ ਜੀ (ਬਲਦੇਵ ਜੱਸਲ) ਨੇ ਆਪਣੇ ਪ੍ਰਵਚਨਾਂ ਰਾਹੀਂ ਬਾਬਾ ਸਾਹਿਬ ਦੀ ਸੋਚ ਤੇ ਬੁੱਧ ਧਰਮ ਦੇ ਆਦਰਸ਼ਾਂ ਨੂੰ ਰੋਸ਼ਨ ਕੀਤਾ ਅਤੇ ਅੱਜ ਦੀ ਸਮੇਂ ਸੰਸਾਰ ਨੂੰ ਯੁੱਧ ਦੀ ਵਿਚਾਰਧਾਰਾ ਨੂੰ ਤਿਆਗਕੇ ਬੁੱਧ ਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਜਰੂਰਤ ਤੇ ਬੱਲ ਦਿੱਤਾ। ਸਮਾਗਮ ਦੀ ਸ਼ੁਰੂਆਤ ਧਾਰਮਿਕ ਨਾਰਿਆਂ "ਜੈ ਭੀਮ ਨਮੋ ਬੁਧਾਏ" "ਭੀਮ ਰਾਜ ਆਵੇਗਾ" ਸਮਾਨਤਾ ਸੁਤੰਤਰਤਾ ਭਾਈਚਾਰਾ ਲਿਆਵੇਗਾ, ਅਤੇ "ਸਿੱਖਿਅਤ ਬਣੋ , ਸੰਘਰਸ਼ ਕਰੋ ਅਤੇ ਏਕਤਾ ਬਣਾਈ ਰੱਖੋ " ਨਾਲ ਹੋਈ, ਜਿਸ ਨਾਲ ਪੂਰੇ ਪੰਡਾਲ ਦਾ ਮਾਹੌਲ ਗੂੰਜ ਉਠਿਆ। ਇਸ ਪਵਿੱਤਰ ਤਿਉਹਾਰ ਦੇ ਦਿਨ ਬੁੱਧ ਵਿਹਾਰ ਨੂੰ ਦੀਪ ਮਾਲਾ ਅਤੇ ਸੁਚੱਜੇ ਢੰਗ ਨਾਲ ਸਜਾਇਆ ਗਿਆ ਸੀ। ਮਸ਼ਹੂਰ ਸਮਾਜ ਸੇਵੀ ਅਤੇ ਡਾ ਅੰਬੇਦਕਰ ਵੈਲਫੇਅਰ ਸੋਸਾਇਟੀ ਦੇ ਜਨਰਲ ਸਕੱਤਰ ਦੇਵਰਾਜ ਮਾਹੀ ਜੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੇ ਸਾਨੂੰ ਨਾ ਸਿਰਫ਼ ਸਿੱਖਿਆ ਦਾ ਹੱਕ ਦਿੱਤਾ, ਸਗੋਂ ਅਸਮਾਨਤਾ ਦੇ ਖਿਲਾਫ਼ ਲੜਨ ਦੀ ਸ਼ਕਤੀ ਦਿੰਦੇ ਹੋਏ ਆਪਣੇ ਵੱਡੇ ਵਡੇਰਿਆਂ ਦੇ ਧਰਮ ਅਰਥਾਤ ਬੁੱਧ ਧੰਮ ਵਿੱਚ ਆਕੇ ਘਰ ਵਾਪਸੀ ਕਰਨ ਦਾ ਸੰਦੇਸ਼ ਵੀ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਸੀਂ ਜਦ ਤੱਕ ਡਾ. ਅੰਬੇਡਕਰ ਦੇ ਦੱਸੇ ਰਸਤੇ 'ਤੇ ਨਹੀਂ ਤੁਰਦੇ, ਤਦ ਤੱਕ ਸਮਾਜਕ ਬਦਲਾਅ ਨਹੀਂ ਆ ਸਕਦਾ।

ਇਸ ਮੌਕੇ ਤੇ ਸਥਾਨਕ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਰਾਹੀਂ ਦਰਸ਼ਕਾਂ ਨੂੰ ਡਾ. ਅੰਬੇਡਕਰ ਦੇ ਵਿਚਾਰਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ। ਬੁੱਧ ਵਿਹਾਰ ਦੀ



ਕਮੇਟੀ ਦੇ ਪ੍ਰਧਾਨ ਨਰੇਸ਼ ਲਾਲ ਜੀ ਰਿਟਾਇਰਡ ਸੀਨੀਅਰ ਮੈਨੇਜਰ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਬੁੱਧ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦੀ ਲੋੜ ਤੇ ਰੌਸ਼ਨੀ ਪਾਈ , ਡਾ ਸਤਪਾਲ ਜੀ ਨੇ ਵੀ ਆਏ ਹੋਏ ਧੰਮ ਬੰਧੂਆਂ ਨੂੰ ਤਥਾਗਤ ਬੁੱਧ,ਬਾਬਾ ਸਾਹਿਬ, ਰਾਸ਼ਟਰਪਿਤਾ ਜੋਤਿਬਾ ਰਾਓ ਫੂਲੇ ਅਤੇ ਬਹੁਜਨ ਮੂਲਨਿਵਾਸੀ ਸਮਾਜ ਦੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਅਪਨਾਉਣ ਅਤੇ ਇਸਦੇ ਪ੍ਰਚਾਰ ਪ੍ਰਸਾਰ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ। ਅੰਬੇਦਕਰ ਬੁੱਧ ਵਿਹਾਰ ਦੀ ਕਮੇਟੀ ਅਤੇ ਇੰਟਰਨੈਸ਼ਨਲ



ਬੁੱਧਿਸਟ ਮਿਸ਼ਨ ਟਰੱਸਟ ਦੇ ਮੈਂਬਰਾਂ ਨੇ ਵੀ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਤ੍ਰਿਪਾਵਣੀ ਬੁੱਧ ਪੂਰਣਿਮਾ ਦੇ ਸਮਾਗਮ ਨੂੰ ਸਫਤਾਪੂਰਵਕ ਨੇਪਰੇ ਚੜ੍ਹਾਇਆ। ਸਤਕਾਰ ਯੋਗ ਆਤਮਾ ਰਾਮ ਜੀ , ਬਹਾਦਰ ਰਾਮ ਜੀ,ਦੇਸ ਰਾਜ ਜੱਸਲ, ਬਲਵਿੰਦਰ ਭੱਟੀ ਜੀ , ਪਲਵਿੰਦਰ ਜੀ,ਪ੍ਰੇਮ ਪਾਲ ਰੇਰੂ,ਕਮਲ ਜੱਸਲ,ਪ੍ਰਿੰਸ ਭੱਟੀ, ਰਵੀ ਵਿਰਦੀ,ਕਮਲ ਚੁੰਬਰ,ਮਨਜੋਤ ਮਾਹੀ, ਮਲਿੰਦ ਜੱਸਲ ਅਤੇ ਪ੍ਰਿੰਸੀਪਲ ਪਰਮਜੀਤ ਜੱਸਲ ਆਦਿ ਬਹੁਤ ਸਾਰੇ ਕਮੇਟੀ ਮੈਂਬਰਾਂ ਮਹਿਮਾਨਾਂ ਧੰਮ ਬੰਧੂਆਂ ਅਤੇ ਸਾਥੀਆਂ ਨੇ ਵੀ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਸ਼ਿਰਕਤ ਕਰਕੇ ਸਮਾਰੋਹ ਦੀ ਸ਼ੋਭਾ ਨੂੰ ਵਧਾਇਆ। ਬੁੱਧ ਵਿਹਾਰ ਦੇ ਲੇਡੀਜ਼ ਗਰੁੱਪ ਨੇ ਵੀ ਆਪਣੀਆਂ ਸੇਵਾਵਾਂ ਨਿਭਾਉਂਦੇ ਹੋਏ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਪ੍ਰਤੀ ਸ਼ਰਧਾ ਅਤੇ ਸਤਕਾਰ ਦਾ ਇਜਹਾਰ ਕੀਤਾ ਹੋਰ ਵਕਤਾਵਾਂ ਨੇ ਵੀ ਸਮਾਜਕ ਜਾਗਰੂਕਤਾ ਅਤੇ ਬੁੱਧ ਧੰਮ ਦੀਆਂ ਸਿੱਖਿਆਵਾਂ ਸੰਬੰਧੀ ਵਿਚਾਰ ਸਾਂਝੇ ਕੀਤੇ।

ਸਮਾਗਮ ਦੌਰਾਨ ਭੀਮ ਰਾਜ ਦੀ ਸਥਾਪਨਾ ਅਤੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਸੰਕਲਪ ਲਿਆ ਗਿਆ। ਆਖ਼ਰ 'ਚ ਸਭ ਲਈ ਖੀਰ ਦੇ ਲੰਗਰ ਦੀ ਵਿਵਸਥਾ ਕੀਤੀ ਗਈ, ਜਿਸ ਵਿੱਚ ਹਰ ਵਰਗ ਦੇ ਲੋਕਾਂ ਨੇ ਮਿਲ ਬੈਠ ਕੇ ਭੋਜਨ ਸਵੀਕਾਰਿਆ। ਇਹ ਸਮਾਗਮ ਸਿਰਫ਼ ਧਾਰਮਿਕ ਨਹੀਂ, ਸਗੋਂ ਇਕ ਸੋਸ਼ਲ ਜਸਟਿਸ ਦੀ ਚੇਤਨਾ ਵਾਲੀ ਲਹਿਰ ਵੀ ਹੋ ਨਿਬੜਿਆ। ਬੁੱਧ ਪੂਰਣਿਮਾ ਦੇ ਇਸ ਪਵਿੱਤਰ ਮੌਕੇ ਤੇ ਪੰਜਾਬ ਸਰਕਾਰ ਤੋਂ ਗਜਟਿਡ ਛੁੱਟੀ ਦੀ ਵੀ ਭਾਰੀ ਜੋਸ਼ ਨਾਲ ਮੰਗ ਕੀਤੀ ਗਈ। ਇਸਦੇ ਨਾਲ ਨਾਲ ਬੁੱਧ ਗਯਾ ਮਹਾਵਿਹਾਰ ਦਾ ਪ੍ਰਬੰਧ ਵੀ ਬੋਧੀਆਂ ਨੂੰ ਦੇਣ ਅਤੇ ਬੀ ਟੀ ਐਮ ਸੀ ਐਕਟ ਨੂੰ ਨਿਰਸਤ ਕਰਨ ਦੀ ਵੀ ਪੁਰਜ਼ੋਰ ਮੰਗ ਕੀਤੀ ਗਈ। ਯਾਦ ਰਹੇ ਬੋਧ ਗਯਾ ਮਹਾਵਿਹਾਰ ਨੂੰ ਮੁਕਤ ਕਰਾਉਣ ਲਈ ਬੜਾ ਭਾਰੀ ਅੰਦੋਲਨ ਪੂਰੇ ਦੇਸ਼ ਵਿੱਚ ਚੱਲ ਰਿਹਾ ਹੈ ਜਿਸਦੇ ਲਈ ਪੰਜਾਬ ਤੋਂ ਵੀ ਹਰ ਤਰਾਂ ਨਾਲ ਸਹਿਯੋਗ ਦੇਣ ਦਾ ਐਲਾਨ ਵੀ ਕੀਤਾ ਗਿਆ। ਆਖਿਰ ਵਿੱਚ ਧੰਮ ਮਿੱਤਰ ਸੁਰਿੰਦਰ ਜੀ ਨੇ ਆਏ ਹੋਏ ਸਾਰੇ ਧੰਮ ਬੰਧੂਆਂ ਦਾ ਧੰਨਵਾਦ ਕੀਤਾ ਅਤੇ ਧੰਮ ਪਾਲਣ ਗਾਥਾ ਨਾਲ ਸਮਾਗਮ ਦੀ ਸਮਾਪਤੀ ਹੋਈ।

# "ਬੁੱਧ ਪੂਰਨਿਮਾ" ਬੁੱਧ ਵਿਹਾਰ ਸੋਫੀ ਪਿੰਡ ਵਿਖੇ ਧੂਮਧਾਮ ਨਾਲ ਮਨਾਈ ਗਈ

**ਜਲੰਧਰ (ਪਰਮਜੀਤ ਜੱਸਲ)**- ਅੱਜ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਅਤੇ ਨਗਰ ਨਿਵਾਸੀਆਂ ਵਲੋਂ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਬੁੱਧ ਪੂਰਨਿਮਾ ਉਤਸਵ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੁੱਧ ਵੰਦਨਾ ,ਤਰੀਸ਼ਰਨ ਅਤੇ ਪੰਚਸ਼ੀਲ ਦੇ ਪਾਠ ਕਰਨ ਉਪਰੰਤ ਸ੍ਰੀ ਸੋਢੀ ਲਾਲ ਬੋਧੀ ਪ੍ਰਧਾਨ ਅਤੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਮਿਲ ਕੇ ਪੰਚਸ਼ੀਲ ਦਾ ਝੰਡਾ ਲਹਿਰਾਇਆ ਬਾਅਦ ਵਿੱਚ ਸਕੂਲ ਦੇ ਬੱਚਿਆਂ ਨੇ ਤਥਾਗਤ ਬੁੱਧ ਦੇ ਜੀਵਨ ਫਲਸਫੇ 'ਤੇ ਗੀਤ ,ਕਵਿਤਾਵਾਂ ਅਤੇ ਭਾਸ਼ਣ ਦਿੱਤੇ। ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਕਿਹਾ ਕਿ ਅੱਜ ਤਥਾਗਤ ਬੁੱਧ ਦੀ 2569ਵੀਂ ਜੈਅੰਤੀ ਪੂਰੇ ਵਿਸ਼ਵ ਭਰ ਵਿੱਚ ਮਨਾਈ ਜਾ ਰਹੀ ਹੈ।

ਉਹਨਾਂ ਵਧਾਈ ਦਿੰਦਿਆਂ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਹੀ ਸ਼ਾਂਤੀ, ਸਮਾਨਤਾ ,ਸੁਤੰਤਰਤਾ ਤੇ ਭਾਈਚਾਰੇ ਨੂੰ ਅਪਣਾਇਆ ਅਤੇ ਵਿਸ਼ਵ ਨੂੰ ਇਸ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸੋਢੀ ਬੋਧੀ ਪ੍ਰਧਾਨ ਬੁੱਧ ਵਿਹਾਰ ਟਰੱਸਟ ਨੇ ਤਥਾਗਤ ਬੁੱਧ ਦੀਆ ਸਿੱਖਿਆਵਾਂ 'ਤੇ ਚੱਲਣ ਲਈ







ਕਿਹਾ। ਪ੍ਰਿੰਸੀਪਲ ਤਾਰਾ ਸਿੰਘ ਨੇ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ





ਤਰਕ ਦੇ ਅਧਾਰ 'ਤੇ ਮਨੁੱਖ ਨੂੰ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਪ੍ਰੇਰਿਆ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਇਸ ਮੌਕੇ 'ਤੇ ਵਧਾਈ ਦਿੱਤੀ ਅਤੇ ਤਥਾਗਤ ਬੁੱਧ ਦੁਆਰਾ ਦਿੱਤੇ " ਪੰਚਸ਼ੀਲ " ਨੂੰ ਜੇ ਅਸੀਂ ਸਾਰੇ ਆਪਣੀ ਜ਼ਿੰਦਗੀ 'ਚ ਗ੍ਰਹਿਣ ਕਰ ਲਈਏ ਤਾਂ ਸਾਡਾ ਦੇਸ਼ ਸੁੱਖਮਈ ਹੋ ਸਕਦਾ ਹੈ। ਜਿਵੇਂ ਨਸ਼ਿਆਂ ਦਾ ਤਿਆਗ ਕਰਨ ਨਾਲ ਮਨੁੱਖ ਦੀ ਮਾਨਸਿਕਤਾ ਵਿੱਚ ਪਰਿਵਰਤਨ ਆਉਂਦਾ ਹੈ। ਸ਼੍ਰੀਮਤੀ ਸੰਤੋਸ਼ ਕੁਮਾਰੀ ਸਾਂਪਲਾ, ਪ੍ਰੋਫੈਸਰ ਸਪਨਾ , ਕਵਿਤਾ ਢੰਡਾ ਨੇ ਵੀ ਤਥਾਗਤ ਬੁੱਧ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ 'ਤੇ ਇੱਕ ਗਰੀਬ ਲੜਕੀ ਨੂੰ ਸਿਲਾਈ ਮਸ਼ੀਨ ਦਿੱਤੀ ਗਈ, ਜੋ ਸੋਹਣ ਲਾਲ ਸਾਂਪਲਾ, ਜਰਮਨੀ ਵਲੋਂ ਦਾਨ ਕੀਤੀ ਗਈ। ਦਾਦੂਵਾਲ ਤੋਂ ਇੱਕ ਪਰਿਵਾਰ ਨੇ ਬੁੱਧ ਵਿਹਾਰ ਵਿੱਚ ਚੱਲ ਰਹੀ ਫਰੀ ਡਿਸਪੈਂਸਰੀ ਲਈ ਦਵਾਈਆਂ ਦਾਨ ਕੀਤੀਆਂ। ਉਨਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਇਹਨਾਂ ਤੋਂ ਇਲ-ਾਵਾ ਗੁਰਮੀਤ ਸਾਂਪਲਾ, ਲੈਂਬਰ ਬੰਗੜ, ਸੰਤੋਸ਼ ਕੁਮਾਰੀ ਸਾਂਪਲਾ, ਮਨਜੀਤ ਸਾਂਪਲਾ, ਪਰਵੀਨ ਕੁਮਾਰੀ ਤੇ ਰਜਨੀ (ਨੰਬਰਦਾਰ ਰੂਪ ਲਾਲ ਦੀਆਂ ਬੇਟੀਆਂ), ਪ੍ਰੋਫੈਸਰ ਸਪਨਾ, ਮਨਜੀਤ ਸਾਂਪਲਾ, ਕਾਂਤਾ ਸਾਂਪਲਾ, ਪ੍ਰਿੰਸੀਪਲ ਤਾਰਾ ਸਿੰਘ, ਸ੍ਰੀ ਗੁਰੂ ਰਵਿਦਾਸ ਸਭਾ ਸੋਫੀ ਪਿੰਡ ਦੇ ਪ੍ਰਧਾਨ ਕੁਲਦੀਪ ਕੁਮਾਰ ਅਤੇ ਸਾਥੀਆਂ, ਪ੍ਰਿੰਸੀਪਲ ਪਰਮਜੀਤ ਜੱਸਲ ਅਤੇ ਹੋਰ ਵੀ ਸਾਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਭਾਗ ਲੈਣ ਵਾਲੇ ਬੱਚਿਆਂ ਦਾ ਵੀ ਸਨਮਾਨ ਕੀਤਾ ਗਿਆ। ਇਹਨਾਂ ਤੋਂ ਇਲਾਵਾ ਚਮਨ ਸਾਂਪਲਾ, ਨਰੇਸ਼ ਸਾਂਪਲਾ, ਰੱਜਤ, ਮਨਜੀਤ ਸਿੰਘ ਸਾਬਕਾ ਮੈਨੇਜਰ, ਗੌਤਮ ਸਾਂਪਲਾ, ਮਿਸਟਰ ਰੱਤੂ , ਬਰਕੇਟ ਚੰਦ ਸਾਂਪਲਾ , ਮਾਸਟਰ ਰਾਮ ਲਾਲ, ਬਿੰਦਰ ਸਾਂਪਲਾ, ਜਸਵੰਤ ਰਾਏ,ਬੀਰਾਂ, ਕੋਮਲ, ਸੁੱਖੀ,ਸੱਤਿਆ, ਕਮਲੇਸ਼ ,ਸੁਰਿੰਦਰ ਕੌਰ , ਜਸਕਰਨ ਰਾਣੀ,ਡਾ. ਗਿਆਨ, ਡਾ. ਗੁਰਪ-ਾਲ ਚੌਹਾਨ, ਡਾ. ਅਵਿਨਾਸ਼, ਗੁਰ-ਪਾਲ ਸਿੰਘ ਪਾਲਾ ਪ੍ਰਧਾਨ ਬੀ.ਐਸ.ਪੀ. ਕੈਂਟ, ਸੇਵਾ ਰਾਮ , ਬੇਟੀ ਜਸਮੀਨ, ਨੇਹਾ ਅਤੇ ਹੋਰ ਬਹੁਤ ਸਾਰੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com